Hansti Duniya (Punjabi)
Vol. 42
No. 11
November 2018

₹15/-





# ਪਾਠਕਾਂ ਨੂੰ ਦੀਵਾਲੀ ਦੀਆਂ ਸ਼ੁਭਕਾਮਨਾਵਾਂ

# ਹੰਸਤੀ ਦੁਨੀਆ

• Vol. 42 • ਅੰਕ : 11 • ਨਵੰਬਰ 2018 • Pages : 52

(ਬੱਚਿਆਂ ਦੇ ਬੌਧਿਕ ਵਿਕਾਸ ਦੀ ਅਨੋਖੀ ਪਤ੍ਰਿਕਾ)

Also published in Hindi, English & Marathi

Printer & Publisher C.L. Gulati, on behalf of Sant Nirankai Mandal, Delhi-9, printed at M.P. Printers, B-220, Phase-II, NOIDA - 201305 (UP) & published at Sant Nirankari Satsang Bhawan, Sant Nirankari Colony, Delhi-110009












*Chief Editor :*
*Harjeet Nishad*

*Editor (Honorary)*
Sulekh Singh 'Sathi'

**Email:** editorial@nirankari.org

**Ph.:** 011-47660200
**Fax:** 011-27608215
**Website:** http//www.nirankari.org
kids.nirankari.org


## ਸਤੰਭ


| | |
|---|---|
| ਸਭ ਤੋਂ ਪਹਿਲਾਂ | 04 |
| ਵਿਗਿਆਨ ਪ੍ਰਸ਼ਨੋਤਰੀ | 10 |
| ਹਾਸਾ-ਖੇਡਾ | 16 |
| ਸਾਧਾਰਣ ਗਿਆਨ ਪ੍ਰਸ਼ਨੋਤਰੀ | 19 |
| ਕੀ ਤੁਸੀਂ ਜਾਣਦੇ ਹੋ? | 27 |
| ਰੰਗ ਭਰੋ ਪ੍ਰਤੀਯੋਗਿਤਾ | 38 |
| ਕਦੇ ਨਾ ਭੁੱਲੋ | 42 |
| ਬੁੱਧੀ ਦੀ ਪਰਖ | 50 |




## ਚਿੱਤਰਕਥਾਵਾਂ


| | |
|---|---|
| ਕਿੱਟੀ | 20 |
| ਦਾਦਾ ਜੀ | 46 |





## Subscription Value

| | India/ Nepal | UK | Europe | USA | Canada/ Australia |
|---|---|---|---|---|---|
| Annual | Rs.150 | £15 | € 20 | $25 | $30 |
| 5 Years | Rs.700 | £70 | € 95 | $120 | $140 |


Other Countries

Equivalent to U.S. Dollars as mentioned above.
















## ਕਹਾਣੀਆਂ


ਕੈਦ ਤੋਂ ਛੁਟਕਾਰਾ
– ਅਮਰ ਸਿੰਘ 6
ਕੱਛੂ ਦੀ ਮੂਰਖਤਾ
– ਅਮਨਪ੍ਰੀਤ 12
ਮੈਂ ਵੀ ਬਚਤ ਕਰਾਂਗਾ
– ਡਾ.ਦੇਸ਼ਬੰਧੂ 14
ਨਿਡਰ ਬਾਲਕ ਮਲਹਾਰੀ
– ਡਾ.ਵਿਕਾਸ ਮਾਨਵ 24
ਕਿਸਾਨ ਅਤੇ ਰਾਜਾ
– ਰਾਜਕੁਮਾਰ ਜੈਨ 28
ਹੋਂਦ
– ਕਿਸ਼ਨਲਾਲ ਸ਼ਰਮਾ 32
ਕਰ ਭਲਾ ਹੋ ਭਲਾ
– ਬਹਾਦਰ ਸਿੰਘ 40
ਬੀਰਬਲ ਦੀ ਸੂਝਬੂਝ
– ਅਮਰਜੀਤ ਚੰਦਰ 44


## ਗੀਤ-ਕਵਿਤਾਵਾਂ


ਆਇਆ ਦੀਵਾਲੀ ਦਾ ਤਿਉਹਾਰ
– ਅਮਨ ਦਿਲਜਾਨ 5
ਬੱਚਿਆਂ ਨੂੰ
– ਸੁੰਦਰਪਾਲ ਪ੍ਰੇਮੀ 11
ਸ਼ਹਿਦ ਦੀ ਮੱਖੀ
– ਪ੍ਰਿਤਪਾਲ ਢਿਲੋਂ 34
ਫੁੱਲ ਗੁਲਾਬ ਦਾ
– ਸੁਰਜੀਤ ਦੇਵਲ 39


## ਵਿਸ਼ੇਸ਼ ਲੇਖ


ਸਤਿਗੁਰੂ ਮਾਤਾ ਸੁਦੀਕਸ਼ਾ ਜੀ ...
– ਸੀ. ਐਲ. ਗੁਲਾਟੀ 8
ਅਨੋਖਾ ਜਵਾਲਾਮੁਖੀ ਪਰਬਤ
– ਈਲੂ ਰਾਣੀ 18
ਜੰਮੂ ਕਸ਼ਮੀਰ ਦਾ ਪਸ਼ੂ ...
– ਪਰਸ਼ੂਰਾਮ ਸ਼ੁਕਲ 30
ਪਾਣੀ ਨਾਲ ਬਣੇਗਾ ਡੀਜ਼ਲ
– ਕਿਰਣ ਬਾਲਾ 33
ਜਾਨਵਰ ਕਦੇ ਰਾਹ ਨਹੀਂ ਭੁੱਲਦੇ
– ਡਾ. ਵਿਨੋਦ ਗੁਪਤਾ 35
ਬਾਲ ਦਿਵਸ..
– ਮਨਮੋਹਨ ਬਾਵਾ 43

ਸਭ ਤੋਂ ਪਹਿਲਾਂ

# ਨਵੰਬਰ ਦਾ ਮਹੀਨਾ

ਪਿਆਰੇ ਬੱਚਿਓ ! ਨਵੰਬਰ ਦਾ ਮਹੀਨਾ ਅਰੰਭ ਹੋ ਗਿਆ ਹੈ। ਮੌਸਮ ਨੇ ਵੀ ਅਪਣਾ ਮਿਜ਼ਾਜ ਬਦਲਣਾ ਅਰੰਭ ਕਰ ਦਿਤਾ ਹੈ। ਤੇਜ ਗਰਮੀ ਅਤੇ ਭਾਰੀ ਬਰਸਾਤਾਂ ਦੇ ਸਫਰ ਚੋਂ ਲੰਘਦਾ ਹੋਇਆ ਮੌਸਮ ਹੁਣ ਚਾਰੇ ਪਾਸੇ ਸ਼ੀਤਲਤਾ ਬਿਖੇਰਨ ਲੱਗਾ ਹੈ। ਮਿੰਨੀ-ਮਿੰਨੀ ਠੰਡ ਪੈਣੀ ਸ਼ੁਰੂ ਹੋ ਗਈ ਹੈ। ਬੱਚਿਓ ! ਇਹ ਬਦਲਦਾ ਮੌਸਮ ਸਾਨੂੰ ਚੇਤਨਤਾ ਅਤੇ ਜਾਗਰੂਕਤਾ ਦੀ ਪ੍ਰੇਰਣਾ ਦਿੰਦਾ ਹੈ ਕਿ ਅਸੀਂ ਅਪਣੀ ਸਿਹਤ ਵੱਲੋਂ ਲਾਪਰਵਾਹ ਨਾ ਹੋ ਜਾਈਏ। ਲੋੜ ਮੁਤਾਬਕ ਗਰਮ ਕਪੜਿਆਂ ਦੀ ਵਰਤੋਂ ਅਰੰਭ ਕਰ ਦਈਏ ਤਾਂ ਜੋ ਆਉਣ ਵਾਲੇ ਸਰਦੀਆਂ ਦੇ ਮੌਸਮ ਵਿੱਚ ਕਿਸੇ ਤਰ੍ਹਾਂ ਦੀ ਪਰੇਸ਼ਾਨੀ ਨਾ ਉਠਾਉਣੀ ਪਏ।

ਨਵੰਬਰ ਦਾ ਮਹੀਨਾ ਹੋਰ ਵੀ ਅਨੇਕਾਂ ਮਹੱਤਵਪੂਰਣ ਘਟਨਾਵਾਂ ਨਾਲ ਭਰਪੂਰ ਹੁੰਦਾ ਹੈ ਖਾਸਕਰ ਬੱਚਿਆਂ ਲਈ। ਇਸੀ ਮਹੀਨੇ ਬਾਲ ਦਿਵਸ ਮਨਾਇਆ ਜਾਂਦਾ ਹੈ। ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਜੀ ਬੱਚਿਆਂ ਨੂੰ ਬਹੁਤ ਪਿਆਰ ਕਰਦੇ ਸਨ। ਉਨ੍ਹਾਂ ਦਾ ਮੰਨਣਾ ਸੀ ਕਿ ਅੱਜ ਦਾ ਬਚਪਨ ਹੀ ਕੱਲ ਦਾ ਵਿਕਸਿਤ ਭਾਰਤ ਹੋਏਗਾ, ਇਸ ਲਈ ਉਹ ਬੱਚਿਆਂ ਦੇ ਵਿਕਾਸ ਲਈ ਜਤਨਸ਼ੀਲ ਰਹਿੰਦੇ ਹਨ। ਬੱਚੇ ਵੀ ਉਨ੍ਹਾਂ ਦੇ ਇਸ ਪਿਆਰ ਕਾਰਣ ਉਨ੍ਹਾਂ ਨੂੰ 'ਚਾਚਾ ਨਹਿਰੂ' ਕਹਿ ਕੇ ਪੁਕਾਰਦੇ ਸਨ। ਬਾਲ ਦਿਵਸ ਵੀ ਉਨ੍ਹਾਂ ਦੀ ਇਸੀ ਸੋਚ ਦਾ ਨਤੀਜਾ ਹੈ। ਇਸ ਦਿਨ ਅਨੇਕਾਂ ਬਾਲ ਕਲਿਆਣ ਪ੍ਰੋਗਰਾਮ ਹੁੰਦੇ ਹਨ ਅਤੇ ਬਾਲ ਕਲਿਆਣ ਯੋਜਨਾਵਾਂ ਦਾ ਅਰੰਭ ਹੁੰਦਾ ਹੈ।

ਝੂਠ ਉਤੇ ਸੱਚ ਦੇ ਪ੍ਰਤੀਕ ਦਸਹਿਰੇ ਦੇ ਤਿਓਹਾਰ ਮਗਰੋਂ ਦੀਵਾਲੀ ਦਾ ਖੁਸ਼ੀਆਂ ਭਰਿਆ ਤਿਓਹਾਰ ਵੀ ਇਸੀ ਮਹੀਨੇ ਹੈ। ਤੁਸੀਂ ਜਾਣਦੇ ਹੀ ਹੋ ਕਿ ਰਾਵਣ ਦਾ ਅੰਤ ਕਰਨ ਮਗਰੋਂ ਭਗਵਾਨ ਸ਼੍ਰੀਰਾਮ ਜੀ ਜਦ ਵਾਪਸ ਅਯੁਧਿਆ ਪਹੁੰਚੇ ਤਾਂ ਨਗਰਵਾਸੀਆਂ ਨੇ ਦੀਪ ਜਗਾ ਕੇ ਉਨ੍ਹਾਂ ਦਾ ਸਵਾਗਤ ਕੀਤਾ। ਇਸ ਖੁਸ਼ੀ ਨੂੰ ਪ੍ਰਗਟਾਉਣਾ ਦਾ ਤਿਓਹਾਰ ਹੈ – ਦੀਵਾਲੀ।

ਪਿਆਰੇ ਬੱਚਿਓ ! ਇਸੀ ਮਹੀਨੇ ਅਮਨ, ਪਿਆਰ ਅਤੇ ਭਾਈਚਾਰੇ ਦੇ ਪ੍ਰਤੀਕ ਸੰਤ ਨਿਰੰਕਾਰੀ ਮਿਸ਼ਨ ਦਾ ਸਾਲਾਨਾ ਸੰਤ ਸਮਾਗਮ ਵੀ ਹੁੰਦਾ ਹੈ ਜਿਸ ਵਿਚ ਦੇਸ਼-ਵਿਦੇਸ਼ ਤੋਂ ਸੰਤ ਮਹਾਤਮਾ ਇੱਕਠੇ ਹੋ ਕੇ ਮਾਨਵਤਾ ਤੇ ਪਿਆਰ ਦਾ ਸੰਦੇਸ਼ ਦਿੰਦੇ ਹਨ। ਕੀ ਤੁਸੀਂ ਜਾਣਦੇ ਹੋ ਕਿ ਇਸ ਵਾਰ ਇਹ ਸੰਤ ਸਮਾਗਮ ਦਿੱਲੀ ਵਿਚ ਨਾ ਹੋ ਕੇ ਹਰਿਆਣਾ ਦੇ ਸਮਾਲਖਾ ਨੇੜੇ ਬਣੇ ਸੰਤ ਨਿਰੰਕਾਰੀ ਅਧਿਆਤਮਕ ਸਥਲ ਤੇ ਹੋਣਾ ਨਿਸ਼ਚਿਤ ਹੋਇਆ ਹੈ।

ਪਿਆਰ ਬੱਚਿਓ ! ਬਾਲ ਦਿਵਸ ਦੀਆਂ ਖੁਸ਼ੀਆਂ ਮਾਣਦੇ ਹੋਏ, ਦੀਵਾਲੀ ਦੇ ਉਤਸਵ ਨੂੰ ਮਾਣੀਏ ਅਤੇ ਸੰਸਾਰ ਵਿਚ ਅਮਨ, ਸ਼ਾਂਤੀ ਅਤੇ ਭਾਈਚਾਰੇ ਦੀ ਸਥਾਪਨਾ ਲਈ ਨਿਰੰਕਾਰੀ ਮਿਸ਼ਨ ਦੇ ਸਿਧਾਂਤਾਂ ਨੂੰ ਅਪਨਾਉਂਦੇ ਹੋਏ ਨਵੰਬਰ ਦੇ ਇਸ ਮਹੀਨੇ ਦੇ ਮਹੱਤਵ ਨੂੰ ਧਿਆਨ ਵਿਚ ਰਖੀਏ।

ਸੁਲੇਖ 'ਸਾਥੀ'
ssathi_2007@yahoo.com

❑ ਅਮਨ ਦਿਲਜਾਨ (ਬਟਾਲਾ)

# ਆਇਆ ਦੀਵਾਲੀ ਦਾ ਤਿਉਹਾਰ,

## ਦੀਪ ਜਗਾਈਏ ਪਿਆਰ ਦੇ




ਆਇਆ ਦੀਵਾਲੀ ਦਾ ਤਿਉਹਾਰ,
ਦੀਪ ਜਗਾਈਏ ਪਿਆਰ ਦੇ,
ਵੰਡੀਏ ਮਹਿਕਾਂ ਤੇ ਗੁਲਜ਼ਾਰ,
ਦੀਪ ਬੁਝਾਈਏ ਹੰਕਾਰ ਦੇ,
ਆਇਆ ਦੀਵਾਲੀ ਦਾ ਤਿਉਹਾਰ....

ਖੁਸ਼ੀਆਂ ਤੇ ਖੇੜੇ ਲੈ ਕੇ
ਆਉਂਦਾ ਏ ਤਿਉਹਾਰ,
ਮਨਾਂ ਵਿੱਚੋਂ ਦੂਰੀਆਂ ਦਾ
ਮਿਟਾਉਂਦਾ ਏ ਜਾਲ,
ਆਇਆ ਦੀਵਾਲੀ ਦਾ ਤਿਉਹਾਰ....

ਖੂਬ ਹੁੰਦਾ ਏ ਮਠਿਆਈਆਂ
ਤੇ ਪਟਾਕਿਆਂ ਦਾ ਸ਼ੋਰ,
ਸਾਲਾਂ-ਸਾਲ ਚੱਲਿਆ ਆਇਆ
ਹੈ ਇਹ ਐਸਾ ਦੌਰ,
ਆਇਆ ਦੀਵਾਲੀ ਦਾ ਤਿਉਹਾਰ....

ਮਿਲਜੁੱਲ ਕੇ ਰਹੀਏ
ਸਾਨੂੰ ਇਹੋ ਸਿਖਾਉਂਦਾ ਏ,
ਸਭ ਦੇ ਦਿਲਾਂ ਵਿੱਚ
ਪਿਆਰ ਹੀ ਪਿਆਰ ਵਧਾਉਂਦਾ ਏ,
ਆਇਆ ਦੀਵਾਲੀ ਦਾ ਤਿਉਹਾਰ....

'ਅਮਨ ਦਿਲਜਾਨ' ਠੰਡ ਆਵੇ,
ਬੋਲਾਂ ਵਿੱਚ ਖੰਡ ਆਵੇ,
ਵੈਰ, ਈਰਖਾ ਦੀ ਬਣੀ, ਪੱਕੀ ਢਹਿ ਕੰਧ ਜਾਵੇ,
ਆਇਆ ਦੀਵਾਲੀ ਦਾ ਤਿਉਹਾਰ....



ਬਾਲ ਕਹਾਣੀ : ਅਮਰ ਸਿੰਘ

# ਕੈਦ ਤੋਂ ਛੁਟਕਾਰਾ

ਹਵੇਲੀ ਦੇ ਜਿਸ ਕਮਰੇ ਵਿੱਚ ਮਿੱਠੂ ਤੋਤਾ ਪਿੰਜਰੇ ਵਿੱਚ ਬੰਦ ਸੀ,ਉਸ ਕਮਰੇ ਵਿੱਚ ਕਬੂਤਰਾਂ ਦਾ ਇਕ ਜੋੜਾ ਵੀ ਸੀ। ਕਬੂਤਰਾਂ ਦਾ ਜਦ ਦਿਲ ਕਰਦਾ ਤਦ ਉਹ ਬਾਹਰ ਘੁੰਮਣ ਚਲੇ ਜਾਂਦੇ। ਜਦ ਦਿਲ ਕਰਦਾ,ਵਾਪਸ ਆਪਣੇ ਸਥਾਨ ਤੇ ਆ ਜਾਂਦੇ। ਕਬੂਤਰਾਂ ਨੂੰ ਅਜਿਹਾ ਕਰਦੇ ਵੇਖ ਮਿੱਠੂ ਤੋਤੇ ਦਾ ਮਨ ਵੀ ਬਾਹਰ ਖੁਲ੍ਹੇ ਆਕਾਸ਼ ਵਿੱਚ ਉਡੱਣ ਨੂੰ ਕਰਦਾ ਪਰ ਉਹ ਕੀ ਕਰੇ? ਪਿੰਜਰੇ ਦੀਆਂ ਸੀਖਾਂ ਦੇ ਪਿੱਛੇ ਬੰਦ ਪਿਆ ਹੈ। ਉਹ ਉਹਨਾਂ ਨੂੰ ਤੋੜ ਵੀ ਨਹੀਂ ਸਕਦਾ ਸੀ। ਮਨ ਮਾਰ ਕੇ ਚੁਪਚਾਪ ਬੈਠ ਜਾਂਦਾ।

ਇਕ ਦਿਨ ਉਸ ਨੇ ਕਬੂਤਰਾਂ ਦੇ ਜੋੜੇ ਨੂੰ ਆਪਣੇ ਕੋਲ ਬੁਲਾਇਆ ਅਤੇ ਪੁੱਛਿਆ - ਹਵੇਲੀ ਦਾ ਮਾਲਿਕ ਤੁਹਾਨੂੰ ਬਾਹਰ ਕਿਵੇਂ ਜਾਣ ਦਿੰਦਾ ਹੈ? ਮੈਨੂੰ ਇਸ ਪਿੰਜਰੇ ਵਿੱਚ ਬੰਦ ਹੋਏ ਬਹੁਤ ਦਿਨ ਹੋ ਗਏ ਹਨ, ਉਸਨੇ ਮੈਨੂੰ ਅੱਜ ਤਕ ਇਕ ਪਲ ਲਈ ਵੀ ਨਹੀਂ ਛੱਡਿਆ। ਇਸ ਪਿਛੇ ਕੀ ਰਾਜ ਹੈ? ਇਹ ਗੱਲ ਮੇਰੀ ਸਮਝ ਵਿੱਚ ਨਹੀਂ ਆਈ।

- ਉਸ ਨੂੰ ਸਾਡੇ ਤੇ ਵਿਸ਼ਵਾਸ਼ ਹੋ ਗਿਆ ਹੈ ਕਿ ਅਸੀਂ ਦਿਨ ਭਰ ਘੁੰਮ-ਫਿਰ ਕੇ ਸ਼ਾਮ ਨੂੰ ਇਥੇ ਵਾਪਸ ਆ ਜਾਵਾਂਗੇ - ਕਬੂਤਰ ਨੇ ਉਸਦੇ ਸਵਾਲ ਦਾ ਜਵਾਬ ਦਿੱਤਾ।'

- ਕਬੂਤਰ ਭਾਈ, ਬਹੁਤ ਦਿਨਾਂ ਤੋਂ ਇਸ ਪਿੰਜਰੇ ਵਿੱਚ ਬੰਦ ਪਿਆ-ਪਿਆ ਮੈਂ ਬਹੁਤ ਪ੍ਰੇਸ਼ਾਨ ਹੋ ਗਿਆ ਹਾਂ। ਮੈਂ ਵੀ ਤੁਹਾਡੇ ਵਾਂਗ ਖੁਲ੍ਹੇ ਆਕਾਸ਼ ਵਿੱਚ ਉਡੱਣਾ ਚਾਹੁੰਦਾ ਹਾਂ। ਮੇਰੀ ਕੁਝ ਮਦਦ ਕਰੋ। - ਤੋਤੇ ਨੇ ਉਹਨਾਂ ਵੱਲ ਵੇਖਦੇ ਹੋਏ ਕਿਹਾ।



– ਮੈਂ ਤੇਰੀ ਕੀ ਮਦਦ ਕਰ ਸਕਦਾ ਹਾਂ? ਮੈਂ ਵੀ ਤਾਂ ਤੇਰੀ ਤਰ੍ਹਾਂ ਇਕ ਛੋਟਾ ਜਿਹਾ ਪੰਛੀ ਹੀ ਹਾਂ। – ਕਬੂਤਰ ਨੇ ਆਪਣੀ ਵਿਵਸ਼ਤਾ ਜਤਾਈ।

-ਇੰਝ ਨਾ ਕਹਿ ਕਬੂਤਰ ਭਾਈ, ਮੈਂ ਤੇਰੇ ਤੋਂ ਬਹੁਤ ਉਮੀਦ ਲਗਾਈ ਬੈਠਾਂ ਹਾਂ, ਤੋਤੇ ਨੇ ਬੜੀ ਹਲੀਮੀ ਨਾਲ ਕਿਹਾ।

– ਮੈਂ ਪਹਿਲਾਂ ਹੀ ਕਹਿ ਚੁੱਕਾ ਹਾਂ ਕਿ ਮੈਂ ਤੇਰੀ ਕੋਈ ਮਦਦ ਨਹੀਂ ਕਰ ਸਕਦਾ।

– ਤੁਸੀਂ ਹੀ ਇਹਨਾਂ ਨੂੰ ਸਮਝਾਉ ਭੈਣ ! ਤੋਤੇ ਦੀਆਂ ਅੱਖਾਂ ਵਿੱਚੋ ਝਰ-ਝਰ ਹੰਝੂ ਵਹਿ ਰਹੇ ਸਨ। ਹੰਝੂਆਂ ਨੂੰ ਵੇਖ ਕੇ ਕਬੂਤਰੀ ਦਾ ਮਨ ਪਿਘਲ ਗਿਆ।

– ਠੀਕ ਹੈ ਤੋਤੇ ਭਰਾ, ਅਸੀਂ ਤੇਰੀ ਮਦਦ ਜ਼ਰੂਰ ਕਰਾਂਗੇ। ਸਾਨੂੰ ਸੋਚਣ ਦਾ ਥੋੜਾ ਸਮਾਂ ਦੇ। – ਕਬੂਤਰੀ ਤੋਂ ਭਰੋਸਾ ਮਿਲਣ ਤੇ ਤੋਤੇ ਦੀ ਜਾਨ ਵਿੱਚ ਜਾਨ ਆਈ।

ਦੂਸਰੇ ਦਿਨ ਕਬੂਤਰੀ ਤੋਤੇ ਦੇ ਪਿੰਜਰੇ ਕੋਲ ਗਈ ਅਤੇ ਕਹਿਣ ਲੱਗੀ – ਤੋਤੇ ਭਰਾ, ਮੈਂ ਤੇਰੇ ਛੁੱਟਣ ਦੀ ਤਰਕੀਬ ਲੱਭ ਲਈ ਹੈ।

– ਮੈਨੂੰ ਤੇਰੇ ਉਤੇ ਵਿਸ਼ਵਾਸ ਸੀ ਭੈਣ, ਤੂੰ ਜ਼ਰੂਰ ਮੇਰੀ ਸਮੱਸਿਆ ਦਾ ਹੱਲ ਲੱਭ ਲਵੇਂਗੀ। – ਤੋਤੇ ਨੇ ਖੁਸ਼ੀ ਨਾਲ ਉਸ ਵੱਲ ਵੇਖਦੇ ਹੋਏ ਕਿਹਾ।

ਕਬੂਤਰੀ ਨੇ ਤੋਤੇ ਨੂੰ ਇਕ ਤਰਕੀਬ ਦੱਸੀ।

ਇਕ-ਦੋ ਦਿਨ ਤੂੰ ਅੰਨ-ਜਲ ਬਿਲਕੁਲ ਨਹੀਂ ਲੈਣਾ, ਇਕਦਮ ਬੇਜਾਨ ਜਿਹੇ ਪਏ ਰਹਿਣਾ। ਹਵੇਲੀ ਦਾ ਮਾਲਿਕ ਸਮਝੇਗਾ ਕਿ ਤੇਰੀ ਤਬੀਅਤ ਠੀਕ ਨਹੀਂ ਹੈ। ਦੋ ਦਿਨ ਦੇ ਬਾਅਦ ਤੂੰ ਬਿਲਕੁਲ ਬੇਜਾਨ ਮੁਰਦੇ ਦੀ ਤਰ੍ਹਾਂ ਅੱਖਾਂ ਬੰਦ ਕਰਕੇ ਪੈ ਜਾਵੀਂ। ਉਹ ਤੈਨੂੰ ਕਿੰਨਾ ਵੀ ਹਿਲਾਏ-ਡੁਲਾਏ, ਤੂੰ ਬਿਲਕੁਲ ਨਹੀਂ ਹਿਲਣਾ-ਡੁਲਣਾ। ਉਹ ਤੈਨੂੰ ਮਰਿਆ ਸਮਝ ਕੇ ਪਿੰਜਰੇ ਤੋਂ ਬਾਹਰ ਕੱਢੇਗਾ। ਉਸ ਸਮੇਂ ਤੂੰ ਮੌਕਾ ਪਾ ਕੇ ਉਡੱ ਜਾਵੀ।

– ਸ਼ੁਕਰੀਆ ਭੈਣ, ਮੈਂ ਇੰਝ ਹੀ ਕਰਾਂਗਾ। – ਤੋਤੇ ਨੇ ਕਿਹਾ-

ਤੋਤੇ ਨੇ ਇੰਝ ਹੀ ਕੀਤਾ, ਜਿਵੇਂ ਕਬੂਤਰੀ ਨੇ ਉਹਨੂੰ ਸਮਝਾਇਆ ਸੀ। ਮਨ ਹੀ ਮਨ ਉਹ ਕਬੂਤਰੀ ਦਾ ਧੰਨਵਾਦ ਕਰ ਰਿਹਾ ਸੀ। ਉਸਦੀ ਦੱਸੀ ਤਰਕੀਬ ਰਾਹੀਂ ਹੀ ਉਹ ਅੱਜ ਉਸ ਪਿੰਜਰੇ ਦੀ ਕੈਦ ਤੋਂ ਛੁਟਕਾਰਾ ਪਾ ਸਕਿਆ ਸੀ। ਉਹ ਹੁਣ ਆਜ਼ਾਦ ਹੋ ਕੇ ਖੁਲ੍ਹੇ ਆਕਾਸ਼ ਵਿੱਚ ਉਡੱ ਰਿਹਾ ਸੀ। ■







# ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ

✍ ਸੀ.ਐਲ. ਗੁਲਾਟੀ,
ਸਕੱਤਰ ਮੁਖ ਦਫ਼ਤਰ ਸੰ: ਨਿ: ਮੰਡਲ, ਦਿੱਲੀ।

ਪੂਜਯ ਸੁਦੀਕਸ਼ਾ ਜੀ ਦਾ ਜਨਮ 13 ਮਾਰਚ, 1985 ਨੂੰ ਪਿਤਾ ਬਾਬਾ ਹਰਦੇਵ ਸਿੰਘ ਜੀ ਅਤੇ ਮਾਤਾ ਸਵਿੰਦਰ ਜੀ ਦੇ ਘਰ ਸੰਤ ਨਿਰੰਕਾਰੀ ਕਲੋਨੀ ਦਿੱਲੀ ਵਿੱਚ ਹੋਇਆ। ਬਚਪਨ ਵਿੱਚ ਉਹਨਾਂ ਨੂੰ ਮਾਤਾ-ਪਿਤਾ ਅਤੇ ਦਾਦੀ ਨਿਰੰਕਾਰੀ ਰਾਜਮਾਤਾ ਜੀ, ਨਾਨਾ ਗੁਰਮੁਖ ਸਿੰਘ ਜੀ ਅਤੇ ਨਾਨੀ ਪੂਜਯ ਮਦਨ ਕੌਰ ਜੀ ਦਾ ਭਰਪੂਰ ਪਿਆਰ-ਦੁਲਾਰ ਮਿਲਿਆ ਅਤੇ ਉਹਨਾਂ ਦੀ ਦੇਖਭਾਲ ਵਿੱਚ ਹੀ ਉਹ ਵੱਡੇ ਹੋਏ। ਉਹਨਾਂ ਨੂੰ ਜਨਮ ਤੋਂ ਹੀ ਸੁੰਦਰ ਵਾਤਾਵਰਣ ਵਿੱਚ ਅਧਿਆਤਮਿਕ ਸਿਖਿਆ ਪ੍ਰਾਪਤ ਹੋਣ ਲੱਗੀ। ਆਪ ਜੀ ਦੀਆਂ ਦੋਵੇਂ ਭੈਣਾ ਪਿਆਰ ਨਾਲ ਕਹਿੰਦੀਆਂ ਸਨ, ''ਸਮਤਾ, ਰੇਣੁਕਾ ਕੀ ਬਹਿਨਾ, ਸੁਦਿਕਸ਼ਾ ਕਾ ਕਿਆ ਕਹਿਨਾ।'' ਸਤਿਸੰਗ ਵਿੱਚ ਨਿਯਮਿਤ ਹਾਜ਼ਰੀ ਦਾ ਸੁੰਦਰ ਪ੍ਰਭਾਵ ਅਤੇ ਬਜ਼ੁਰਗਾਂ ਲਈ ਸਨਮਾਨ ਅਤੇ ਨਿਮਰਤਾ ਦੇ ਭਾਵ ਉਹਨਾਂ ਦੇ ਹਿਰਦੇ ਵਿੱਚ ਹਮੇਸ਼ਾਂ ਤੋਂ ਰਹੇ ਹਨ। ਉਹ ਆਪਣੀ ਪੜਾਈ, ਖੇਡ-ਕੁਦ, ਮਿੱਤਰਾਂ ਦੇ ਨਾਲ ਸਮਾਂ ਬਿਤਾਉਣ ਅਤੇ ਸਤਿਗੁਰੂ ਦੀ ਅਧਿਆਤਮਿਕ ਅਤੇ ਨੈਤਿਕ ਸਿਖਿਆਵਾਂ ਦੇ ਵਿਚਕਾਰ ਖੂਬਸੂਰਤ ਸੰਤੁਲਿਨ ਬਣਾਈ ਰੱਖਦੇ ਸਨ।

ਉਹਨਾਂ ਨੇ ਬਚਪਨ ਤੋਂ ਹੀ ਸੰਤ ਨਿਰੰਕਾਰੀ ਸੇਵਾਦਲ ਦੇ ਮੈਂਬਰ ਦੇ ਰੂਪ ਵਿੱਚ ਸੰਤ ਨਿਰੰਕਾਰੀ ਮਿਸ਼ਨ ਦੀ ਗਤੀਵਿਧੀਆਂ ਵਿੱਚ ਯੋਗਦਾਨ ਦੇਣਾ ਸ਼ੁਰੂ ਕਰ ਦਿਤਾ। ਉਹ ਬਾਲ ਸੰਗਤ, ਅੰਗ੍ਰੇਜ਼ੀ ਮੀਡੀਅਮ ਸੰਗਤ ਰੁੱਖ ਲਗਾਉ ਅਤੇ ਸਫ਼ਾਈ ਮੁਹਿੰਮ ਦੇ ਪ੍ਰੋਗਰਾਮਾਂ ਵਿੱਚ ਨਿਯਮਿਤ ਰੂਪ ਨਾਲ ਰੁਝੇ ਰਹਿੰਦੇ ਸਨ। ਇਹਨਾਂ ਦੈਵੀ ਗੁਣਾਂ ਨੂੰ ਉਹਨਾਂ ਨੇ ਵਿਰਾਸਤ ਵਿੱਚ ਪ੍ਰਾਪਤ ਕੀਤਾ। ਪੂਜਯ ਸੁਦੀਕਸ਼ਾ ਜੀ ਦੇ ਹਿਰਦੇ ਵਿੱਚ ਬਚਪਨ ਤੋਂ ਪਿਆਰ, ਦਯਾ ਅਤੇ ਕਰੁਣਾ ਦਾ ਭਾਵ ਰਿਹਾ।

ਪੂਜਯ ਸੁਦੀਕਸ਼ਾ ਜੀ ਮਨ ਵਿੱਚ ਅਨੇਕਾਂ ਉਮੀਦਾਂ ਅਤੇ ਸੁਪਨੇ ਸੰਜੋਏ ਵੱਡੇ ਹੋ ਰਹੇ ਸਨ। ਉਹਨਾਂ ਦੇ ਦਿਲ-ਓ-ਦਿਮਾਗ ਵਿੱਚ ਸਦਾ ਉਪਕਾਰੀ ਭਾਵਨਾਵਾਂ ਜਨਮ ਲੈਂਦੀਆਂ ਅਤੇ ਪਲਦੀਆਂ ਸਨ। ਜਦ ਕਦੇ ਉਹ ਕਿਸੇ ਦੁਖੀ-ਪੀੜਤ, ਭੁੱਖੇ-ਪਿਆਸੇ ਵਿਅਕਤੀ ਨੂੰ ਵੇਖਦੇ ਤਾਂ ਪਿਘਲ ਜਾਂਦੇ ਅਤੇ ਉਹਨੂੰ ਭੋਜਨ ਕਰਾਉਣ ਦਾ ਯਤਨ ਕਰਨ ਲੱਗਦੇ। ਹੌਲੀ-ਹੌਲੀ ਉਹਨਾਂ ਦੇ ਅੰਦਰ ਇਕ ਇਮਾਨਦਾਰ, ਮਿਹਨਤੀ ਅਤੇ ਸਚਾਈ ਨਾਲ ਭਰਿਆ ਇਨਸਾਨ ਵਿਕਸਿਤ ਹੋ ਰਿਹਾ ਸੀ। ਜਦ ਉਹਨਾਂ ਨੇ ਆਸ-ਪਾਸ ਸਰੀਰਕ ਦੁੱਖ ਵੇਖੇ ਤਾਂ ਬਾਬਾ ਹਰਦੇਵ ਸਿੰਘ ਜੀ ਤੋਂ ਪੁੱਛਿਆ, ''ਬਾਬਾ ਜੀ, ਪ੍ਰਮਾਤਮਾ ਇੰਞ ਕਿਉਂ ਕਰਦਾ ਹੈ? ਲੋਕਾਂ ਨੂੰ ਦੁੱਖ, ਪੀੜਾ ਸਹਿਣੀ ਪੈਂਦੀ ਹੈ?'' ਤਦ ਬਾਬਾ ਜੀ ਨੇ ਉਹਨਾਂ ਨੂੰ ਸਮਝਾਇਆ, ''ਪ੍ਰਮਾਤਮਾ ਆਪ ਨੂੰ ਲੋਕਾਂ ਦੀ ਮਦਦ ਕਰਨ, ਉਹਨਾਂ ਦੀਆਂ ਪੀੜਾਂ ਦੂਰ ਕਰਨ ਲਈ ਅਗੇ ਆਉਣ ਲਈ ਕਹਿ ਰਿਹਾ ਹੈ ਤਾਂਕਿ ਆਪ ਇਹਨੂੰ ਇਕ ਚੁਣੌਤੀ ਦੇ ਰੂਪ ਵਿੱਚ ਸਵੀਕਾਰ ਕਰੋ ਅਤੇ ਇਹਨਾਂ ਦੁੱਖਾਂ ਨੂੰ ਦੂਰ ਕਰਨ ਲਈ ਜਿੰਨਾ ਕੁਝ ਕਰ ਸਕਦੇ ਹੋ ਕਰੋ।'' ਪੂਜਯ ਸੁਦੀਕਸ਼ਾ ਜੀ ਬਾਬਾ ਜੀ ਦੇ ਪ੍ਰੇਰਕ ਵਚਨਾਂ ਨੂੰ ਸੁਣ ਕੇ ਹੁਣ ਮਹਿਸੂਸ ਕਰਨ ਲੱਗੇ ਕਿ ਦੈਵੀਤਾ ਸ਼ਿਕਾਇਤਾਂ ਕਰਨ ਵਿੱਚ ਨਹੀਂ ਹੈ ਬਲਕਿ ਇਸ ਗੱਲ ਵਿੱਚ ਹੈ ਕਿ ਅਸੀਂ ਕਿਸ ਪ੍ਰਕਾਰ ਪ੍ਰਮਾਤਮਾ ਦੀ ਇੱਛਾ ਨੂੰ ਸਵੀਕਾਰ ਕਰਦੇ ਹਾਂ।

ਪ੍ਰਭੂ ਇੱਛਾ ਦੇ ਅਗੇ ਨਤਮਸਤਕ ਹੋਣ ਦਾ ਇਕ ਸਰਵੋਤਮ ਉਦਾਹਰਣ ਉਹ ਘਟਨਾ ਹੈ ਜਦ ਸਤਿਗੁਰੂ ਬਾਬਾ ਹਰਦੇਵ ਸਿੰਘ ਜੀ ਅਤੇ ਉਹਨਾਂ ਦੇ ਸਮਰਪਿਤ ਭਗਤ ਅਵਨੀਤ ਸੇਤੀਆ ਜੀ ਨੇ 13 ਮਈ, 2016 ਨੂੰ ਇਕ ਦੁਰਘਟਨਾ ਵਿੱਚ ਨਸ਼ਵਰ ਸਰੀਰ ਤਿਆਗ ਦਿੱਤਾ। ਸੰਪੂਰਣ ਨਿਰੰਕਾਰੀ ਜਗਤ ਉਸ ਸਮੇਂ ਗਹਿਰੇ ਦੁੱਖ ਵਿੱਚ ਡੁੱਬਾ ਹੋਇਆ ਸੀ। ਪੂਜਯ ਸੁਦੀਕਸ਼ਾ ਜੀ ਦੇ ਲਈ ਇਹ ਇਕ ਵੱਡੀ ਹਾਨੀ ਸੀ। ਉਹਨਾਂ ਨੇ ਆਪਣੇ ਗੁਰੂ ਅਤੇ ਪਿਤਾ ਦੇ ਨਾਲ-ਨਾਲ ਆਪਣੇ ਜੀਵਨ ਸਾਥੀ ਨੂੰ ਵੀ ਖੋਇਆ ਸੀ। ਇਸ ਸਭ ਦੇ ਬਾਵਜੂਦ ਸੁਦੀਕਸ਼ਾ ਜੀ ਨੇ ਚੁਣੌਤੀਪੂਰਨ ਹਾਲਾਤਾਂ ਨੂੰ ਸਹਿਜ ਭਾਵ ਨਾਲ ਲਿਆ ਅਤੇ ਈਸ਼ਵਰੀ ਨਿਰਣੇ ਨੂੰ ਪੂਰਣ ਵਿਸ਼ਵਾਸ਼ ਅਤੇ

ਨਿਮਰਤਾ ਦੇ ਨਾਲ ਸਵੀਕਾਰ ਕੀਤਾ। ਉਹਨਾਂ ਨੇ ਖੁਦ ਨੂੰ ਸੰਭਾਲਣ ਦੇ ਨਾਲ-ਨਾਲ ਦੂਸਰਿਆਂ ਨੂੰ ਵੀ ਮਜ਼ਬੂਤੀ ਨਾਲ ਸੰਭਾਲਿਆ।

ਬਾਬਾ ਹਰਦੇਵ ਸਿੰਘ ਜੀ ਦੇ ਨਿਰੰਕਾਰ ਵਿੱਚ ਲੀਨ ਹੋਣ ਦੇ ਬਾਦ ਸਤਿਗੁਰੂ ਮਾਤਾ ਸਵਿੰਦਰ ਹਰਦੇਵ ਜੀ ਮਹਾਰਾਜ ਨੇ ਸੰਤ ਨਿਰੰਕਾਰੀ ਮਿਸ਼ਨ ਦੀ ਵਾਗਡੋਰ ਸੰਭਾਲੀ ਅਤੇ ਸੁਦੀਕਸ਼ਾ ਜੀ ਨੂੰ ਦੂਰ-ਦੇਸ਼ਾਂ ਵਿੱਚ ਸਥਿਤ ਮਿਸ਼ਨ ਦੀਆਂ 220 ਬ੍ਰਾਚਾਂ ਨੂੰ ਸੰਭਾਲਣ ਦੀ ਮਹੱਤਵਪੂਰਣ ਜ਼ਿੰਮੇਵਾਰੀ ਸੌਂਪੀ, ਇਹ ਬ੍ਰਾਚਾਂ ਦੁਨੀਆਂ ਭਰ ਦੇ ਲਗਭਗ 70 ਦੇਸ਼ਾਂ ਵਿੱਚ ਫੈਲੀਆਂ ਹੋਈਆਂ ਹਨ। ਉਹਨਾਂ ਨੇ ਇਸ ਵਿਭਾਗ ਵਿੱਚ ਆਪਣੀ ਭੂਮਿਕਾ ਖੂਬਸੂਰਤੀ ਨਾਲ ਨਿਭਾਈ। ਉਹਨਾਂ ਦੀ ਪਹਿਲ ਅਤੇ ਸਮਰਥਨ ਦੇ ਫਲਸਰੂਪ 30 ਜੂਨ ਅਤੇ 1 ਜੁਲਾਈ, 2018 ਨੂੰ ਹਿਊਸਟਨ, ਟੈਕਸਾਸ (ਅਮਰੀਕਾ) ਵਿੱਚ ਵਿਸ਼ਾਲ ਨਿਰੰਕਾਰੀ ਅਧਿਆਤਮਿਕ ਸ਼ਿਖਰ ਸੰਮੇਲਨ ਆਯੋਜਿਤ ਕੀਤਾ ਗਿਆ। ਇਸ ਅਵਸਰ ਤੇ 'ਮਾਨਵ ਅਨੰਤ ਪ੍ਰਤੀਕ' ਬਣਾ ਕੇ ਇਕ ਵਿਸ਼ਵ ਰਿਕਾਰਡ ਬਣਿਆ ਅਤੇ 'ਗਿਨੀਜ਼ ਵਰਲਡ ਰਿਕਾਰਡ' ਸਥਾਪਿਤ ਕੀਤਾ ਗਿਆ।

ਪੂਜਯ ਸੁਦੀਕਸ਼ਾ ਜੀ ਨੇ ਬੱਚਿਆਂ ਲਈ ਅਧਿਆਤਮਿਕ ਪ੍ਰੇਰਣਾ ਪ੍ਰੋਗਰਾਮ ਸ਼ੁਰੂ ਕੀਤਾ, ਜਿਸ ਨੂੰ ਕਿਡਸ ਡਿਵਾਇਨ ਨਾਮ ਦਿੱਤਾ ਗਿਆ। ਇਹ ਪ੍ਰੋਗਰਾਮ ਨਿਰੰਕਾਰੀ ਮਿਸ਼ਨ ਦੇ ਇਤਿਹਾਸ ਅਤੇ ਵਿਚਾਰਧਾਰਾ ਦੇ ਨਾਲ ਬੱਚਿਆਂ ਨੂੰ ਜੋੜਨ ਵਿੱਚ ਨਿਰੰਤਰ ਮਹੱਤਵਪੂਰਣ ਭੂਮਿਕਾ ਨਿਭਾ ਰਿਹਾ ਹੈ। 15 ਜੁਲਾਈ, 2018 ਨੂੰ ਸਤਿਗੁਰੂ ਮਾਤਾ ਸਵਿੰਦਰ ਜੀ ਨੇ ਸੁਦੀਕਸ਼ਾ ਜੀ ਨੂੰ ਸਤਿਗੁਰੂ ਦੀ ਜ਼ਿੰਮੇਵਾਰੀ ਨਿਭਾਉਣ ਲਈ ਸੰਕੇਤ ਦਿਤਾ। ਸੁਦੀਕਸ਼ਾ ਜੀ ਨੇ ਸਤਿਗੁਰੂ ਦੇ ਪਵਿੱਤਰ ਚਰਨਾਂ ਵਿੱਚ ਸਨਮਾਨ ਨਾਲ ਸਿਰ ਝੁਕਾਇਆ ਅਤੇ ਸਵੀਕਾਰ ਕਰਕੇ ਉਹਨਾਂ ਦੇ ਹੱਥਾਂ ਨੂੰ ਆਪਣੇ ਹੱਥਾਂ ਵਿੱਚ ਲੈ ਲਿਆ। ਨੌਜਵਾਨ ਸੁਦੀਕਸ਼ਾ ਜੀ ਸਤਿਗੁਰੂ ਮਾਤਾ ਸੁਦਿਕਸ਼ਾ ਜੀ ਮਹਾਰਾਜ ਬਣ ਗਏ। ਸਤਿਗੁਰੂ ਮਾਤਾ ਸਵਿੰਦਰ ਹਰਦੇਵ ਜੀ ਮਹਾਰਾਜ ਨੇ ਉਹਨਾਂ ਨੂੰ 16 ਜੁਲਾਈ, 2018 ਤੋਂ ਸੰਤ ਨਿਰੰਕਾਰੀ ਮਿਸ਼ਨ ਦਾ ਅਧਿਆਤਮਿਕ ਪ੍ਰਮੁਖ ਘੋਸ਼ਿਤ ਕੀਤਾ। ਪੂਜਯ ਸੁਦੀਕਸ਼ਾ ਜੀ ਨੇ ਪਰਮ ਪਾਵਨ ਸਤਿਗੁਰੂ ਦੇ ਰੂਪ ਵਿੱਚ ਨਵੀਂ ਜ਼ਿੰਮੇਵਾਰੀ ਨੂੰ ਦੈਵੀ ਅਸ਼ੀਰਵਾਦ ਦੇ ਰੂਪ ਵਿੱਚ ਸਵੀਕਾਰ ਕੀਤਾ। ਉਹਨਾਂ ਨੇ ਪ੍ਰਾਰਥਨਾ ਕੀਤੀ ਅਤੇ ਸਾਰਿਆਂ ਤੋਂ ਸਮੂਹਿਕ ਸਹਿਯੋਗ ਦੀ ਕਾਮਨਾ ਕੀਤੀ ਤਾਂਕਿ ਉਹ ਸਤਿਗੁਰੂ ਦੀਆਂ ਉਮੀਦਾਂ ਦੇ ਅਨੁਸਾਰ ਸ਼ੁਰੂ ਤੋਂ ਅੰਤ ਤਕ ਹਰ ਜ਼ਰੂਰੀ ਕਦਮ ਉਠਾਏ ਅਤੇ ਪੂਰੀ ਮਾਨਵਤਾ ਦੀ ਬਹੁਤ ਹੀ ਨਿਮਰਤਾਪੂਰਵਕ ਸੇਵਾ ਕਰ ਸਕੇ।



17 ਜੁਲਾਈ ਨੂੰ ਆਯੋਜਿਤ ਵਿਸ਼ਾਲ ਸਤਿਸੰਗ ਸਮਾਰੋਹ ਵਿੱਚ ਭਗਤਾਂ ਦੇ ਚਿਹਰਿਆਂ ਤੇ ਜੋ ਉਤਸਾਹ ਅਤੇ ਮੁਸਕਾਨ ਸੀ, ਸਪੱਸ਼ਟ ਰੂਪ ਨਾਲ ਉਹ ਆਉਣ ਵਾਲੇ ਸਮੇਂ ਦੀ ਕਹਾਣੀ ਕਹਿ ਰਹੀ ਸੀ। ਸੰਤ ਨਿਰੰਕਾਰੀ ਮਿਸ਼ਨ ਦੇ ਹਰੇਕ ਮੈਂਬਰ ਨੇ ਆਪਣੇ ਸਤਿਗੁਰੂ ਨੂੰ ਨਵੇਂ ਰੂਪ ਵਿੱਚ ਸੰਪੂਰਣ ਵਿਸ਼ਵਾਸ਼ ਅਤੇ ਪ੍ਰੇਮਾਭਗਤੀ ਭਾਵ ਨਾਲ ਸਵੀਕਾਰ ਕੀਤਾ। ਆਪਣੀ ਵਿਚਾਰ ਵਿੱਚ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਨੇ ਕਿਹਾ ਕਿ ਅਗਰ ਸ਼ਰਟ ਦਾ ਪਹਿਲਾ ਬਟਨ ਸਹੀ ਲਗਾਇਆ ਗਿਆ ਹੈ ਤਾਂ ਬਾਕੀ ਬਟਨ ਵੀ ਠੀਕ ਲੱਗਦੇ ਜਾਂਦੇ ਹਨ।

ਪੂਜਯ ਰਮਿਤ ਚਾਂਦਨਾ ਜੀ, ਸਤਿਗੁਰੂ ਮਾਤਾ ਸੁਦਿਕਸ਼ਾ ਜੀ ਦੇ ਜੀਵਨ ਸਾਥੀ ਹਨ ਜੋ ਪੂਰੀ ਤਰ੍ਹਾਂ ਅਧਿਆਤਮਿਕਤਾ ਦੇ ਪ੍ਰਤੀ ਸਮਰਪਿਤ ਹਨ। ਉਹਨਾਂ ਦਾ ਸਮਰਪਣ ਅਤੇ ਸਹਿਜ ਸੁਭਾਅ ਮਿਸ਼ਨ ਲਈ ਬਰਕਰਾਰ ਪੂੰਜੀ ਅਤੇ ਸ਼ਕਤੀ ਹੈ। ਨਵੇਂ ਯੁਗ ਦੀ ਸ਼ੁਰੂਆਤ ਵਿੱਚ ਸੰਤ ਨਿਰੰਕਾਰੀ ਮਿਸ਼ਨ ਸ਼ਾਂਤੀਪੂਰਣ ਅਤੇ ਇਕਸਾਰ ਵਿਸ਼ਵ ਦੀ ਉਮੀਦ ਨੂੰ ਜੀਵੰਤ ਕਰ ਰਿਹਾ ਹੈ।

ਨਿਸ਼ਚਿਤ ਹੈ ਕਿ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਦੇ ਪਾਵਨ ਮਾਰਗਦਰਸ਼ਨ ਵਿੱਚ ਸ਼ਾਂਤੀ ਅਤੇ ਸਦਭਾਵ ਨਾਲ ਭਰਪੂਰ ਵਿਸ਼ਵ ਦਾ ਨਿਰਮਾਣ ਹੋਏਗਾ।

# ਵਿਗਿਆਨ ਪ੍ਰਸ਼ਨੋਤਰੀ

❑ ਘਮੰਡੀਲਾਲ ਅਗਰਵਾਲ

ਪ੍ਰਸ਼ਨ : ਨਰ ਚਿੜੀ ਦਾ ਰੰਗ ਮਾਦਾ ਚਿੜੀ ਤੋਂ ਚਮਕੀਲਾ ਕਿਉਂ ਹੁੰਦਾ ਹੈ?

ਉੱਤਰ : ਜਦ ਹਵਾ ਤੇਜ਼ ਹੋਵੇ ਤਾਂ ਨਰ ਚਿੜੀ ਅਕਸਰ ਰੁੱਖਾਂ ਉਤੇ ਬੈਠ ਜਾਂਦੀ ਹੈ। ਉਸ ਦੇ ਦੁਸ਼ਮਣਾਂ ਤੋਂ ਬਚਾਉਣ ਵਾਸਤੇ ਕੁਦਰਤ ਨੇ ਉਸ ਨੂੰ ਚਟਕੀਲੇ ਰੰਗ ਪ੍ਰਦਾਨ ਕੀਤੇ ਹਨ। ਦੂਸਰਾ ਕਾਰਨ ਇਹ ਹੈ ਕਿ ਮਾਦਾ ਚਿੜੀ ਨੂੰ ਆਪਣੇ ਵਲ ਆਕ੍ਰਸ਼ਿਤ ਕਰਨ ਵਿੱਚ ਵੀ ਨਰ ਚਿੜੀ ਦਾ ਚਟਕੀਲਾ ਰੰਗ ਸਹਾਇਕ ਹੁੰਦਾਹੈ।

ਪ੍ਰਸ਼ਨ : ਪਾਲਿਸ਼ ਦੀ ਡਿੱਬੀ ਵਿੱਚ ਚਮਕਦਰ ਕਾਗਜ਼ ਕਿਉਂ ਹੁੰਦਾ ਹੈ?

ਉੱਤਰ : ਬੱਚਿਉ! ਤੁਸੀਂ ਅਕਸਰ ਮੋਚੀ ਕੋਲੋਂ ਆਪਣੇ ਬੂਟਾਂ ਨੂੰ ਪਾਲਿਸ਼ ਕਰਵਾਈ ਹੋਵੇਗੀ। ਪਾਲਿਸ਼ ਦੀ ਡਿੱਬੀ ਵਿੱਚ ਚਮਕਦਾਰ ਸਫੇਦ ਕਾਗਜ ਰੱਖਿਆ ਹੁੰਦਾ ਹੈ। ਅਸਲ ਵਿੱਚ ਪਾਲਿਸ਼ ਦੀ ਡਿੱਬੀ ਅੰਦਰ ਮੌਜੂਦ ਪਦਾਰਥ ਦੀ ਨਮੀ ਨੂੰ ਬਰਕਰਾਰ ਰੱਖਣ ਲਈ ਹੀ ਇੰਝ ਕੀਤਾ ਜਾਂਦਾ ਹੈ। ਜੇਕਰ ਕਾਗਜ ਨਾ ਰੱਖਿਆ ਜਾਵੇ ਤਾਂ ਬਾਰ-ਬਾਰ ਖੋਲ੍ਹਣ ਨਾਲ ਪਾਲਿਸ਼ ਦੀ ਡਿੱਬੀ ਦਾ ਪਦਾਰਥ ਸੁੱਕ ਜਾਂਦਾ ਹੈ। ਇਸ ਲਈ ਪਾਲਿਸ਼ ਨੂੰ ਕਾਇਮ ਰੱਖਣ ਲਈ ਹੀ ਅੰਦਰ ਚਮਕਦਾਰ ਕਾਗਜ ਰੱਖਿਆ ਜਾਂਦਾ ਹੈ।

ਪ੍ਰਸ਼ਨ : ਅਲਮੀਨੀਅਮ ਦੇ ਬਰਤਨ ਨੁਕਸਾਨਦੇਹ ਕਿਉਂ ਹੁੰਦੇ ਹਨ?

ਉੱਤਰ : ਆਮ ਤੌਰ ਤੇ ਰਸੋਈ ਘਰ ਵਿੱਚ ਵਰਤੇ ਜਾਣ ਵਾਲੇ ਅਲਮੀਨੀਅਮ ਦੇ ਬਰਤਨਾਂ ਵਿੱਚ ਭੋਜਨ ਪਕਾਉਣਾ ਹਾਨੀਕਾਰਕ ਸਾਬਿਤ ਹੋ ਸਕਦਾ ਹੈ ਕਿਉਂਕਿ ਅਮਰੀਕਾ ਦੇ ਨੈਸ਼ਨਲ ਕੈਮੀਕਲ ਰਿਸਰਚ ਇੰਸਿਟੀਚਿਊਟ ਦੇ ਅਨੁਸਾਰ ਐਲਮੀਨੀਅਮ ਪੇਟ ਵਾਸਤੇ ਹਾਨੀਕਾਰਕ ਹੈ। ਅਸਲ ਵਿੱਚ ਅਲਮੀਨੀਅਮ ਦੇ ਬਰਤਨ ਵਿੱਚ ਭੋਜਨ ਪਕਾਉਣ ਨਾਲ ਉਸ ਦੇ ਕੁਝ ਅੰਸ਼ ਘੁਲ ਕੇ ਸਰੀਰ ਵਿੱਚ ਚਲੇ ਜਾਂਦੇ ਹਨ। ਇਹ ਅੰਸ਼ ਇਕ ਪ੍ਰਕਾਰ ਦਾ ਜਹਿਰ ਹੁੰਦਾ ਹੈ ਜਿਸ ਦਾ ਸਾਡੇ ਸਰੀਰ ਦੀ ਪਾਚਨ ਕ੍ਰਿਆ ਤੇ ਬੁਰਾ ਪ੍ਰਭਾਵ ਪੈਂਦਾ ਹੈ।

ਪ੍ਰਸ਼ਨ : ਬਸ ਵਿੱਚ ਕਿਸੇ-ਕਿਸੇ ਨੂੰ ਤੇਲ ਕਿਉਂ ਚੜਦਾ ਹੈ?

ਉੱਤਰ : ਕੰਨ ਦਾ ਅੰਦਰੂਨੀ ਭਾਗ ਸੰਤੁਲਿਨ ਬਣਾ ਕੇ ਰੱਖਣ ਨਾਲ ਸੰਬੰਧ ਰੱਖਦਾ ਹੈ। ਇਸ ਦੀਆਂ ਤਿੰਨ ਕੋਸ਼ਿਕਾਵਾਂ ਵਿੱਚ ਤਰਲ ਪਦਾਰਥ ਭਰਿਆ ਰਹਿੰਦਾ ਹੈ। ਜਦ ਕਿਸੇ ਦੇ ਕੰਨ ਦਾ ਸੰਤੁਲਿਨ ਵਿਗੜ ਜਾਂਦਾ ਹੈ ਤਾਂ ਉਸ ਨੂੰ ਬਸ ਵਿੱਚ ਯਾਤਰਾ ਕਰਦੇ ਸਮੇਂ ਤੇਲ ਚੜਨ ਦੀ ਸ਼ਿਕਾਇਤ ਰਹਿੰਦੀ ਹੈ। ❑

ਸੁੰਦਰਪਾਲ 'ਪ੍ਰੇਮੀ'

# ਬੱਚਿਆਂ ਨੂੰ



ਵੱਡਿਆਂ ਦਾ ਕਰੋ ਸਤਿਕਾਰ ਬੱਚਿਉ।
ਸਾਥੀਆਂ ਦੇ ਨਾਲ ਕਰੋ ਪਿਆਰ ਬੱਚਿਉ।

ਪੜ੍ਹਾਈ ਵਿਚ ਤੁਸੀਂ ਮਨ ਲਗਾਉਣਾ ਹੈ।
ਸਮੇਂ ਦਾ ਪੂਰਾ ਫਾਇਦਾ ਉਠਾਉਣਾ ਹੈ।
ਮਨ ਵਿਚ ਲਉ ਇਹ ਧਾਰ ਬੱਚਿਉ।

ਨਸ਼ਿਆਂ ਦੇ ਵੱਸ ਜਿੰਦ ਪਾਉਣੀ ਨਹੀਂ।
ਜਿੰਦਗੀ ਆਪਣੀ ਨਰਕ ਬਣਾਉਣੀ ਨਹੀਂ।
ਸਿਹਤ ਜ਼ਿੰਦਗੀ ਦਾ ਹੈ ਸ਼ਿੰਗਾਰ ਬੱਚਿਉ।

ਸੱਚ ਕਹਿਣੋ ਕਦੇ ਘਬਰਾਉਣਾ ਨਹੀਂ।
ਝੂਠ ਨੂੰ ਆਪਣਾ ਸਾਥੀ ਬਣਾਉਣਾ ਨਹੀਂ।
ਉਚੇ ਰੱਖਣੇ ਆਪਣੇ ਵਿਚਾਰ ਬੱਚਿਉ।

'ਪ੍ਰੇਮੀ' ਕੁਝ ਬਣ ਕੇ ਦਿਖਾਉਣਾ ਹੈ।
ਚੰਗੀ ਸੰਗਤ ਦਾ ਸਾਥ ਨਿਭਾਉਣਾ ਹੈ।
ਤੁਹਾਡਾ ਮਾਣ ਕਰੂ ਸੰਸਾਰ ਬੱਚਿਉ।







❑ ਅਮਨਪ੍ਰੀਤ

# ਕੱਛੂ ਦੀ ਮੂਰਖਤਾ

ਬਹੁਤ ਸਮਾਂ ਪਹਿਲਾ ਦੀ ਗੱਲ ਹੈ। ਇੱਕ ਤਲਾਬ ਵਿੱਚ ਦੋ ਬੱਤਖਾਂ ਰਹਿੰਦੀਆਂ ਸਨ। ਬੱਤਖਾਂ ਦਾ ਸੁਭਾਅ ਬਹੁਤ ਚੰਗਾ ਸੀ। ਉਹ ਆਪਸ ਵਿੱਚ ਮਿਲ-ਜੁਲ ਕੇ ਰਹਿੰਦੀਆਂ ਸਨ। ਬੱਤਖਾਂ ਦੂਰ-ਦੂਰ ਤੱਕ ਉਡਾਰੀ ਮਾਰ ਕੇ ਘੁੰਮਣ ਵੀ ਚਲੀਆਂ ਜਾਂਦੀਆਂ ਸਨ। ਉਸੀ ਤਲਾਬ ਵਿੱਚ ਇੱਕ ਕੱਛੂ ਵੀ ਰਹਿੰਦਾ ਸੀ। ਬੱਤਖਾਂ ਦਾ ਸੁਭਾਅ ਚੰਗਾ ਹੋਣ ਕਾਰਨ ਕੱਛੂ ਦੀ ਦੋਸਤੀ ਉਹਨਾਂ ਬੱਤਖਾਂ ਨਾਲ ਪੈ ਗਈ। ਆਖਿਰਕਾਰ ਕੱਛੂ ਬੱਤਖਾਂ ਦਾ ਪੱਕਾ ਮਿੱਤਰ ਬਣ ਗਿਆ। ਪੂਰੇ ਤਲਾਬ ਵਿੱਚ ਉਹ ਤਿੰਨੇ ਜਣੇ ਇਕੱਠੇ ਹੀ ਘੁੰਮਣ ਜਾਂਦੇ ਸਨ। ਬੱਤਖਾਂ ਕੱਛੂ ਨੂੰ ਚੰਗੀਆਂ ਗੱਲਾਂ ਵੀ ਸਿਖਾਉਂਦੀਆਂ ਸਨ ਕਿ ਮੁਸੀਬਤ ਤੋਂ ਕਿਵੇਂ ਬਚਣਾ ਹੈ। ਸੋ ਬਹੁਤ ਸਾਰੀਆਂ ਚੰਗੀਆਂ ਗੱਲਾਂ ਬੱਤਖਾਂ, ਕੱਛੂ ਨੂੰ ਦੱਸਦੀਆਂ ਸਨ। ਪਰ ਕੱਛੂ ਦੀ ਇੱਕ ਬਹੁਤ ਬੁਰੀ ਆਦਤ ਸੀ। ਜਦੋਂ ਵੀ ਬੱਤਖਾਂ ਉਸਨੂੰ ਗੱਲਾਂ ਦੱਸਦੀਆਂ ਸਨ ਤਾਂ ਉਹ ਟੋਕਾ-ਟੁਕਾਈ ਜ਼ਰੂਰ ਕਰਦਾ ਸੀ। ਉਹ ਆਪਣੀ ਗੱਲ ਹੀ ਅੱਗੇ ਰੱਖਦਾ ਸੀ ਪਰ ਬੱਤਖਾਂ ਨੇ ਉਸ ਦੀਆਂ ਗੱਲਾਂ ਦਾ ਕਦੇ ਵੀ ਬੁਰਾ ਨਹੀਂ ਮਨਾਇਆ ਸੀ।

ਸਮਾਂ ਗੁਜ਼ਰ ਰਿਹਾ ਸੀ। ਇੱਕ ਵਾਰ ਮੀਂਹ ਨਾ ਪਿਆ ਜਿਸ ਕਾਰਨ ਤਲਾਬ ਬਿਲਕੁਲ ਸੁੱਕ ਰਿਹਾ ਸੀ। ਬੱਤਖਾਂ ਤਾਂ ਇੱਕ ਸਥਾਨ ਤੋਂ ਦੂਜੇ ਸਥਾਨ ਤੇ ਉਡ ਕੇ ਜਾ ਸਕਦੀਆਂ ਸਨ ਪਰ ਕੱਛੂ ਲਈ ਮੁਸੀਬਤ ਖੜ੍ਹੀ ਹੋ ਗਈ। ਦਿਨਾਂ ਵਿੱਚ ਹੀ ਉਹ ਤਲਾਬ ਸੁੱਕ ਗਿਆ। ਉਸ ਵਿਚਲੀਆਂ ਸਭ ਮੱਛੀਆਂ ਅਤੇ ਨਿੱਕੇ ਕੀੜੇ-ਮਕੌੜੇ ਤੜਫ-ਤੜਫ ਕੇ ਮਰ ਗਏ ਸਨ। ਸਿਰਫ਼ ਤਲਾਬ ਵਿੱਚ ਹੁਣ ਦਲਦਲ ਰਹਿ ਗਈ ਸੀ। ਜਿਸ ਵਿੱਚ ਕੱਛੂ ਬਾਕੀ ਸੀ। ਕੁਝ ਹੀ ਦਿਨ੍ਹਾਂ ਵਿੱਚ ਉਹ ਵੀ ਸੁੱਕ ਜਾਣੀ ਸੀ। ਬੱਤਖਾਂ ਨੇ ਕੱਛੂ ਨੂੰ ਦਿਲਾਸਾ ਦਿੱਤਾ ਕਿ ਅਸੀਂ ਜ਼ਰੂਰ ਤੈਨੂੰ ਮੁਸੀਬਤ ਵਿੱਚੋਂ ਕੱਢਾਂਗੀਆਂ। ਬੱਤਖਾਂ ਆਪਣੇ ਦੋਸਤ ਦੀ ਸਹਾਇਤਾ ਕਰਨ ਲਈ ਦੂਰ-ਦੂਰ ਤੱਕ ਗਈਆਂ। ਕਾਫ਼ੀ ਲੱਭਣ ਤੋਂ ਬਾਅਦ ਉਹਨਾਂ ਨੂੰ ਸੌ ਮੀਲ ਦੂਰ ਇੱਕ ਤਲਾਬ ਲੱਭਿਆ ਜਿਸ ਵਿੱਚ ਕਾਫ਼ੀ ਪਾਣੀ ਸੀ। ਉਹਨਾਂ ਨੂੰ ਨੇੜੇ-ਤੇੜੇ ਕੋਈ ਵੀ ਤਲਾਬ ਨਹੀਂ ਮਿਲਿਆ ਸੀ।

ਬੱਤਖਾਂ ਵਾਪਿਸ ਕੱਛੂ ਕੋਲ ਪਰਤੀਆਂ ਅਤੇ ਕੱਛੂ ਨੂੰ ਉਸ ਤਲਾਬ ਬਾਰੇ ਦੱਸਿਆ ਕਿ ਕੱਛੂ ਦੋਸਤ ਇੱਥੋਂ ਲਗਭਗ ਸੌ ਮੀਲ ਦੀ ਦੂਰੀ ਤੇ ਇੱਕ ਤਲਾਬ ਹੈ। ਜੇਕਰ ਤੂੰ ਆਪਣੀ ਜਾਨ





ਬਚਾਉਣੀ ਹੈ ਤਾਂ ਤੈਨੂੰ ਉਸ ਤਲਾਬ ਤੱਕ ਪਹੁੰਚਣਾ ਪਵੇਗਾ। ਜਦੋਂ ਕੱਛੂ ਨੇ ਸੌ ਮੀਲ ਬਾਰੇ ਸੁਣਿਆ ਤਾਂ ਉਸਦੇ ਹੋਸ਼ ਉਡ ਗਏ। ਉਸਨੇ ਕਿਹਾ ਕਿ ਜੇਕਰ ਮੈਂ ਕੁਝ ਮੀਲ ਵੀ ਤੁਰਿਆ ਤਾਂ ਮੈਂ ਪਿਆਸ ਨਾਲ ਪਹਿਲਾਂ ਹੀ ਮਰ ਜਾਵਾਂਗਾ। ਇਸ ਲਈ ਕੋਈ ਨੇੜੇ ਦਾ ਤਲਾਬ ਲੱਭੋ। ਬੱਤਖਾਂ ਨੇ ਕਿਹਾ ਕਿ ਕੱਛੂ ਦੋਸਤ! ਅਸੀਂ ਦੂਰ-ਦੂਰ ਤੱਕ ਜਾ ਚੁੱਕੀਆਂ ਹਾਂ, ਸਾਨੂੰ ਸਿਰਫ਼ ਇੱਕ ਹੀ ਤਲਾਬ ਮਿਲਿਆ ਹੈ ਜਿਸ ਵਿੱਚ ਬਹੁਤ ਪਾਣੀ ਹੈ। ਕਾਫ਼ੀ ਦੇਰ ਕੱਛੂ ਬਹਿਸ ਕਰਦਾ ਰਿਹਾ। ਆਖਿਰ ਬੱਤਖਾਂ ਨੇ ਕਿਹਾ – ਦੋਸਤ! ਅਸੀਂ ਤੈਨੂੰ ਤਲਾਬ ਤੱਕ ਲੈ ਜਾਵਾਂਗੀਆਂ।

ਬੱਤਖਾਂ ਨੇ ਇੱਕ ਡੰਡਾ ਲਿਆ ਅਤੇ ਦੋਹਾਂ ਨੇ ਆਪਣੀਆਂ ਚੁੰਝਾਂ ਵਿੱਚ ਫੜਿਆ। ਉਹਨਾਂ ਨੇ ਕੱਛੂ ਨੂੰ ਕਿਹਾ ਕਿ ਤੂੰ ਇਸ ਡੰਡੇ ਨੂੰ ਆਪਣੇ ਮੂੰਹ ਨਾਲ ਕੱਸ ਕੇ ਫੜ ਲੈ। ਪਰ ਇੱਕ ਗੱਲ ਯਾਦ ਰੱਖਣਾ ਕਿ ਆਪਣਾ ਮੂੰਹ ਬਿਲਕੁਲ ਨਾ ਖੋਲਣਾ। ਕੱਛੂ ਨੇ ਵਾਅਦਾ ਕੀਤਾ ਕਿ ਉਹ ਮੂੰਹ ਨਹੀਂ ਖੋਲੇਗਾ। ਆਖਿਰ ਬੱਤਖਾਂ ਕੱਛੂ ਨੂੰ ਨਾਲ ਲੈ ਕੇ ਉਡੱਣ ਲੱਗੀਆਂ। ਉਹ ਬਹੁਤ ਉਚਾਈ ਤੇ ਉਡੱ ਰਹੀਆਂ ਸਨ।

ਜਦੋਂ ਬੱਤਖਾਂ ਉਡੱ ਰਹੀਆਂ ਸਨ ਤਾਂ ਹੇਠਾਂ ਵੱਲ ਬਹੁਤ ਸਾਰੇ ਇਨਸਾਨ ਇਹ ਦ੍ਰਿਸ਼ ਦੇਖ ਕੇ ਹੈਰਾਨ ਹੋ ਰਹੇ ਸਨ। ਕੱਛੂ ਵੀ ਹੇਠਾਂ ਵੱਲ ਵੇਖਣ ਲੱਗਿਆ। ਪਹਿਲੀ ਵਾਰ ਤਾਂ ਉਹ ਕਾਫ਼ੀ ਦੇਰ ਚੁੱਪ ਰਿਹਾ। ਪਰ ਥੋੜਾ ਅੱਗੇ ਜਾਣ ਤੇ ਉਸ ਤੋਂ ਰਿਹਾ ਨਾ ਗਿਆ। ਉਸਨੇ ਬੱਤਖਾਂ ਨੂੰ ਉਹਨਾਂ ਲੋਕਾਂ ਬਾਰੇ ਪੁੱਛਣ ਲਈ ਆਪਣਾ ਮੂੰਹ ਖੋਲ੍ਹ ਦਿੱਤਾ। ਬਸ ਫਿਰ ਕੀ ਸੀ, ਕੱਛੂ ਐਨੀ ਉਚਾਈ ਤੋਂ ਜੋਰ ਨਾਲ ਧਰਤੀ ਤੇ ਡਿੱਗਿਆ ਕਿ ਕੱਛੂ ਦੀ ਹੱਡੀ, ਪਸਲੀ ਦਾ ਵੀ ਪਤਾ ਨਾ ਲੱਗਿਆ। ਕੱਛੂ ਦੀ ਮੂਰਖਤਾ ਤੋਂ ਬੱਤਖਾਂ ਬਹੁਤ ਦੁੱਖੀ ਹੋਈਆਂ ਕਿਉਂਕਿ ਉਹਨਾਂ ਦਾ ਇੱਕ ਦੋਸਤ ਸਦਾ ਲਈ ਸਾਥ ਛੱਡ ਗਿਆ ਸੀ।





ਕਹਾਣੀ : ਡਾ: ਦੇਸ਼ਬੰਧੂ

# ਮੈਂ ਵੀ ਬਚਤ ਕਰਾਂਗਾ

ਛੋਟੂ ਦੇ ਬੇਟੇ ਪਿੰਕੂ ਦਾ ਜਨਮਦਿਨ ਆਉਣ ਵਾਲਾ ਸੀ। ਘਰ ਦੀ ਸਜਾਵਟ, ਨਵੇਂ ਕਪੜੇ, ਕੇਕ ਅਤੇ ਮਿਠਾਈ ਆਦਿ ਤੇ ਢੇਰ ਸਾਰੇ ਰੁਪਏ ਖਰਚ ਹੋਣੇ ਸਨ। ਇਸ ਲਈ ਛੋਟੂ ਅੱਜ ਸਵੇਰੇ ਜਲਦੀ ਹੀ, ਆਪਣੀ ਛੋਟੀ-ਜਿਹੀ ਪੋਟਲੀ ਵਿੱਚ ਦੁਪਹਿਰ ਦਾ ਖਾਣਾ ਬੰਨ੍ਹ ਕੇ ਕੰਮ ਤੇ ਨਿਕਲ ਪਿਆ। ਹਾਂਲਾ ਉਹ ਥੋੜੀ ਹੀ ਦੂਰ ਗਿਆ ਸੀ ਕਿ ਅਚਾਨਕ ਉਸਦਾ ਪੈਰ ਸੜਕ ਤੇ ਪਏ ਇਕ ਕੇਲੇ ਦੇ ਛਿਲਕੇ ਤੇ ਪਿਆ ਅਤੇ ਉਹ ਫਿਸਲ ਕੇ ਧੜਾਮ ਕਰਕੇ ਡਿਗ ਪਿਆ। ਸੜਕ ਤੇ ਡਿਗਦੇ ਹੀ ਉਹ ਉਠੱ ਨਾ ਸਕਿਆ। ਰਾਹਗੀਰਾਂ ਨੇ ਉਸਨੂੰ ਡਾਕਟਰ ਰਾਕੀ ਬਾਂਦਰ ਦੇ ਹਸਪਤਾਲ ਪਹੁੰਚਾਇਆ ਅਤੇ ਉਸਦੇ ਪਰਿਵਾਰ ਨੂੰ ਸੂਚਨਾ ਦਿੱਤੀ। ਡਾਕਟਰ ਰਾਕੀ ਨੇ ਦੱਸਿਆ ਕਿ ਪੈਰ ਵਿੱਚ ਫਰੈਕਚਰ ਹੋ ਗਿਆ ਸੀ। ਉਸ ਨੂੰ ਠੀਕ ਕਰਕੇ ਪੈਰ ਬੰਨ੍ਹ ਦਿੱਤਾ ਗਿਆ ਹੈ।

ਇਹ ਸੁਣਦੇ ਹੀ ਛੋਟੂ ਦੇ ਹੋਸ਼ ਉਡੱ ਗਏ। ਉਸਨੇ ਘਬਰਾ ਕੇ ਪੁੱਛਿਆ – ਇੰਝ ਕਿੰਨੇ ਦਿਨ ਰਹਿਣਾ ਪਏਗਾ ਡਾਕਟਰ ਸਾਹਿਬ?

– ਤੁਹਾਨੂੰ ਠੀਕ ਹੋਣ ਵਿੱਚ ਘਟੋ-ਘੱਟ ਦੋ ਮਹੀਨੇ ਲੱਗ ਜਾਣਗੇ। – ਡਾਕਟਰ ਨੇ ਦੱਸਿਆ।

ਦੋ ਮਹੀਨੇ ...?- ਛੋਟੂ ਲਗਭਗ ਚੀਖਦਾ ਹੋਇਆ ਬੋਲਿਆ- ਐਨੇ ਦਿਨਾਂ ਵਿੱਚ ਤਾਂ ਦਵਾਈ ਤੇ ਬਹੁਤ ਪੈਸਾ

ਛੋਟੂ ਅਤੇ ਮੋਟੂ ਬਾਂਦਰ ਬਹੁਤ ਗਹਿਰੇ ਦੋਸਤ ਸਨ। ਦੋਵੇਂ ਬਹੁਤ ਮਿਹਨਤੀ ਸਨ। ਦਿਨਭਰ ਮਜ਼ਦੂਰੀ ਕਰਕੇ ਆਪਣੇ ਪਰਿਵਾਰ ਦਾ ਪਾਲਣ-ਪੋਸ਼ਣ ਕਰਦੇ ਸਨ। ਲੇਕਿਨ ਛੋਟੂ ਦੀ ਇਕ ਆਦਤ ਬਹੁਤ ਬੁਰੀ ਸੀ। ਉਹ ਜਿੰਨੇ ਪੈਸੇ ਕਮਾਉਂਦਾ, ਸਾਰੇ ਦੇ ਸਾਰੇ ਖਰਚ ਕਰ ਦਿੰਦਾ ਸੀ। ਉਸਦਾ ਦੋਸਤ ਮੋਟੂ ਉਹਨੂੰ ਸਮਝਾਉਂਦਾ ਕਿ ਸਾਰੀ ਕਮਾਈ ਇੰਝ ਹੀ ਖਰਚ ਕਰ ਦੇਣਾ ਠੀਕ ਨਹੀਂ ਹੈ। ਰੋਜ਼ ਦੀ ਮਜ਼ਦੂਰੀ ਵਿਚੋਂ ਕੁਝ ਰੁਪਏ ਜ਼ਰੂਰ ਬਚਾਉਣੇ ਚਾਹੀਦੇ ਹਨ। ਲੋੜ ਵੇਲੇ ਕੰਮ ਆਉਂਦੇ ਹਨ। ਲੇਕਿਨ ਛੋਟੂ, ਮੋਟੂ ਦੀਆਂ ਗੱਲਾਂ ਇਕ ਕੰਨੋਂ ਸੁਣਦਾ ਅਤੇ ਦੂਸਰੇ ਕੰਨੋਂ ਕੱਢ ਕੇ ਕਹਿੰਦਾ – ਇਹੀ ਤਾਂ ਜ਼ਿੰਦਗੀ ਹੈ ਪਿਆਰੇ! ਖਾਉ, ਪੀਉ ਅਤੇ ਮੌਜ ਕਰੋ। ਬਚਾ-ਬਚਾ ਕੇ ਰੱਖਣ ਨਾਲ ਕੀ ਫਾਇਦਾ? ਜਦ ਤਕ ਹੱਥਾਂ-ਪੈਰਾਂ ਵਿੱਚ ਜਾਨ ਹੈ, ਅਸੀਂ ਜਦ ਤਕ ਚਾਹੀਏ ਅਤੇ ਜਿਨ੍ਹਾਂ ਚਾਹੀਏ ਮਿਹਨਤ ਕਰਕੇ ਕਮਾ ਸਕਦੇ ਹਾਂ। ਛੋਟੂ ਦਾ ਦੋ-ਟੁੱਕ ਉਤੱਰ ਸੁਣ ਕੇ ਮੋਟੂ ਚੁੱਪ ਕਰ ਜਾਂਦਾ।

ਲਗ ਜਾਵੇਗਾ.....। ਅਤੇ ਫਿਰ ਪਿੰਕੂ ਦਾ ਜਨਮ ਦਿਨ ਵੀ ਬਿਨਾ ਪੈਸਿਆਂ ਦੇ ਕਿਵੇਂ ਮਨਾ ਸਕਾਂਗਾ?

ਤਦ ਉਸਨੂੰ ਧਿਆਨ ਆਇਆ ਕਿ ਉਸਦੇ ਕੋਲ ਤਾਂ ਪੈਸੇ ਵੀ ਨਹੀਂ ਹਨ। ਫਿਰ ਉਹ ਦਵਾਈਆਂ ਅਤੇ ਘਰ ਦਾ ਖਰਚਾ ਕਿਵੇਂ ਚਲਾਏਗਾ? ਦੋ ਮਹੀਨੇ ਤਕ ਉਹ ਬਿਸਤਰ ਤੋਂ ਵੀ ਨਹੀਂ ਉਠ ਸਕਦਾ, ਫਿਰ ਕੰਮ ਕਿਵੇਂ ਕਰੇਗਾ? ਅਤੇ ਅਗਰ ਕੰਮ ਨਹੀਂ ਕਰੇਗਾ ਤਾਂ ਪੈਸੇ ਕਿਥੋਂ ਆਉਣਗੇ?



ਉਹਨੂੰ ਹੁਣ ਮੋਟੂ ਰਾਹੀਂ ਆਖੀਆਂ ਗਈਆਂ ਗੱਲਾਂ ਯਾਦ ਆ ਰਹੀਆਂ ਸਨ। ਅਗਰ ਉਹ ਉਸ ਦੀਆਂ ਗੱਲਾਂ ਮੰਨ ਕੇ ਰੋਜ਼ ਥੋੜ੍ਹੇ-ਥੋੜ੍ਹੇ ਪੈਸਿਆਂ ਦੀ ਬਚਤ ਕਰਦਾ ਤਾਂ ਇਸ ਸਮੇਂ ਉਹਨੂੰ ਕੋਈ ਪ੍ਰੇਸ਼ਾਨੀ ਨਹੀਂ ਹੁੰਦੀ। ਇਹ ਸੋਚ ਕੇ ਉਸ ਦੀਆਂ ਅੱਖਾਂ ਵਿੱਚ ਹੰਝੂ ਭਰ ਆਏ। ਭਰੇ ਗਲੇ ਨਾਲ ਉਹ ਡਾਕਟਰ ਰਾਕੀ ਨੂੰ ਬੋਲਿਆ – ਆਪ ਨੂੰ ਦੇਣ ਲਈ ਮੇਰੇ ਕੋਲ ਇਸ ਵਕਤ ਪੈਸੇ ਨਹੀਂ ਹਨ, ਲੇਕਿਨ ਆਪ ਚਿੰਤਾ ਨਹੀਂ ਕਰੋ। ਜਦ ਮੈਂ ਠੀਕ ਹੋ ਜਾਵਾਂਗਾ, ਤਾਂ ਆਪ ਦੇ ਸਾਰੇ ਪੈਸੇ ਚੁਕਾ ਦੇਵਾਂਗਾ।

– ਤੁਹਾਨੂੰ ਇਸ ਦੀ ਚਿੰਤਾ ਕਰਨ ਦੀ ਲੋੜ ਨਹੀਂ ਹੈ। ਤੁਸੀਂ ਬਸ ਆਰਾਮ ਕਰੋ। -ਅਚਾਨਕ ਮੋਟੂ ਬਾਂਦਰ ਕਮਰੇ ਵਿੱਚ ਵੜਦੇ ਹੋਏ ਬੋਲਿਆ – ਤੁਹਾਡੇ ਅਪਰੇਸ਼ਨ ਅਤੇ ਦਵਾਈਆਂ ਦੇ ਪੈਸੇ ਮੈਂ ਡਾਕਟਰ ਸਾਹਿਬ ਨੂੰ ਦੇ ਦਿੱਤੇ ਹਨ ਅਤੇ ਪਿੰਕੂ ਦਾ ਜਨਮ ਦਿਨ ਤਾਂ ਤੁਹਾਡਾ ਇਹ ਮੋਟੂ ਮਿੱਤਰ ਆਪਣੇ ਛੋਟੂ ਭਾਈ ਦੇ ਨਾਲ ਹੀ ਮਨਾਏਗਾ।

ਮੋਟੂ ਦੀ ਗੱਲ ਸੁਣ ਕੇ ਛੋਟੂ ਹੌਲੀ ਜਿਹੇ ਬੋਲਿਆ – ਠੀਕ ਹੀ ਕਿਹਾ ਗਿਆ ਹੈ, ਜੋ ਬਿਪਤਾ ਵਿੱਚ ਸਾਥ ਦਏ, ਉਹੀ ਸੱਚਾ ਦੋਸਤ ਹੈ। ਲੇਕਿਨ ਮੈਂ ਤੁਹਾਡਾ ਇਹ ਅਹਿਸਾਨ ਕਦੇ ਨਹੀਂ ਚੁਕਾ ਸਕਾਂਗਾ ਦੋਸਤ!

– ਅਹਿਸਾਨ ਤਾਂ ਚੁਕਾਉਣਾ ਹੀ ਪਏਗਾ ਪਿਆਰੇ! ਇਹਨਾਂ ਪੈਸਿਆਂ ਦੇ ਬਦਲੇ ਮੈਂ ਜੋ ਮੰਗਾਂ ਉਹ ਦੇਣਾ ਪਏਗਾ।– ਮੋਟੂ ਮੁਸਕਰਾਉਂਦੇ ਹੋਏ ਬੋਲਿਆ।

ਉਸ ਦੀ ਗੱਲ ਸੁਣ ਕੇ ਛੋਟੂ ਨੇ ਕਿਹਾ – ਤੁਸੀਂ ਜੋ ਵੀ ਮੰਗੋਗੇ, ਮੈਂ ਉਹ ਸਭ ਦੇਵਾਂਗਾ, ਲੇਕਿਨ ਹਾਲਾਂ ਤਾਂ ਮੈਂ ਲਾਚਾਰ ਹਾਂ।

– ਲੇਕਿਨ ਮੈਨੂੰ ਜੋ ਚਾਹੀਦਾ ਹੈ ਉਹ ਤਾਂ ਹੁਣ ਵੀ ਤੇਰੇ ਕੋਲ ਹੈ। ਤੂੰ ਚਾਹੇ ਤਾਂ ਹੁਣੇ ਦੇ ਸਕਦਾ ਹੈ। – ਮੋਟੂ ਹੱਸਦੇ ਹੋਏ ਬੋਲਿਆ।

ਉਸ ਦੀ ਗੱਲ ਸੁਣ ਕੇ ਛੋਟੂ ਨੂੰ ਬਹੁਤ ਹੈਰਾਨੀ ਹੋਈ। ਉਸ ਦੀ ਸਮਝ ਵਿੱਚ ਨਹੀਂ ਆ ਰਿਹਾ ਸੀ ਕਿ ਉਸਦੇ ਕੋਲ ਅਜਿਹਾ ਕੀ ਹੈ ਜੋ ਮੋਟੂ ਲੈਣਾ ਚਾਹੁੰਦਾ ਹੈ।

ਮੇਰੇ ਕੋਲ ਅਸਲ ਵਿੱਚ ਕੁਝ ਵੀ ਨਹੀਂ ਹੈ ਮੇਰੇ ਭਾਈ। ਫਿਰ ਵੀ ਅਗਰ ਤੁਹਾਨੂੰ ਲੱਗਦਾ ਹੈ ਕਿ ਮੇਰੇ ਕੋਲ ਤੁਹਾਨੂੰ ਦੇਣ ਲਾਇਕ ਕੁਝ ਹੈ ਤਾ ਤੁਸੀਂ ਬੜੇ ਸ਼ੌਕ ਨਾਲ ਲੈ ਸਕਦੇ ਹੋ।– ਛੋਟੂ ਨੇ ਕਿਹਾ।

– ਤਾਂ ਫਿਰ ਇਕ ਵਚਨ ਦਿਉ ਕਿ ਠੀਕ ਹੋਣ ਦੇ ਬਾਅਦ ਤੁਸੀਂ ਵੀ ਰੋਜ਼ ਦੀ ਕਮਾਈ ਵਿਚੋਂ ਕੁਝ ਬਚਾਉਗੇ। ਰੋਜ਼ ਦੀ ਕੀਤੀ ਗਈ ਛੋਟੀ-ਜਿਹੀ ਬਚਤ ਕਿਸੇ ਵੀ ਸਮੇਂ ਆਉਣ ਵਾਲੀ ਵੱਡੀ ਤੋਂ ਵੱਡੀ ਬਿਪਤਾ ਵਿੱਚ ਵੀ ਬਹੁਤ ਸਾਥ ਨਿਭਾਉਂਦੀ ਹੈ। ਇਹ ਉਸ ਬਚਤ ਦਾ ਹੀ ਨਤੀਜਾ ਹੈ, ਜੋ ਅੱਜ ਮੈਂ ਡਾਕਟਰ ਦੀ ਫੀਸ ਅਤੇ ਦਵਾਈ ਦੇ ਪੈਸੇ ਦੇ ਸਕਿਆ। ਅਗਰ ਮੈਂ ਵੀ ਆਪਣੀ ਸਾਰੀ ਕਮਾਈ ਤੁਹਾਡੇ ਵਾਂਗ ਹੀ ਉਡਾ ਦੇਂਦਾ ਤਾਂ ਸ਼ਾਇਦ ਤੁਹਾਡਾ ਇਲਾਜ ਸੰਭਵ ਨਹੀਂ ਹੋ ਸਕਦਾ।

– ਇਸ ਦੁਰਘਟਨਾ ਨੇ ਸਚਮੁਚ ਮੇਰੀਆਂ ਅੱਖਾਂ ਖੋਲ੍ਹ ਦਿੱਤੀਆਂ ਹਨ ਮੋਟੂ। ਮੈਂ ਸਮਝ ਗਿਆ ਹਾਂ ਕਿ ਬਚਤ ਕਰਨਾ ਕਿੰਨਾ ਜ਼ਰੂਰੀ ਹੈ। ਮੈਂ ਤੁਹਾਨੂੰ ਵਚਨ ਦਿੰਦਾ ਹਾਂ ਕਿ ਹੁਣ ਮੈਂ ਵੀ ਆਪਣੀ ਰੋਜ਼ ਦੀ ਕਮਾਈ ਵਿਚੋਂ ਥੋੜੀ ਬਚਤ ਜ਼ਰੂਰ ਕਰਾਂਗਾ। – ਛੋਟੂ ਨੇ ਮੋਟੂ ਵੱਲ ਵੇਖ ਕੇ ਕਿਹਾ। ਛੋਟੂ ਦੀ ਗੱਲ ਸੁਣ ਕੇ ਮੋਟੂ ਦੇ ਚਿਹਰੇ ਤੇ ਮੁਸਕਾਨ ਫੈਲ ਗਈ। ਮੋਟੂ ਨੂੰ ਮੁਸਕਰਾਉਂਦੇ ਵੇਖ ਕੇ ਛੋਟੂ ਵੀ ਹੌਲੀ ਜਿਹੇ ਮੁਸਕਰਾ ਉਠਿਆ।

# ਹਾਸਾ ਖੇਡਾ

ਅਧਿਆਪਕ - ਬੱਚਿਉ, ਚੰਨ ਦੂਰ ਹੈ ਜਾਂ ਅਮਰੀਕਾ?
ਇਕ ਵਿਦਿਆਰਥੀ ਬੋਲਿਆ -
ਸਰ, ਅਮਰੀਕਾ ਦੂਰ ਹੈ।
ਅਧਿਆਪਕ : ਉਹ ਕਿਵੇਂ?
ਵਿਦਿਆਰਥੀ : ਸਰ ਚੰਨ ਨੂੰ ਤਾਂ ਅਸੀਂ ਧਰਤੀ ਤੋਂ ਵੇਖ ਸਕਦੇ ਹਾਂ ਪਰ ਅਮਰੀਕਾ ਨੂੰ ਨਹੀਂ।

............

ਮਾਂ ਅਤੇ ਬੇਟੇ ਨੇ ਪਿੰਡ ਜਾਣ ਲਈ ਟ੍ਰੇਨ ਦਾ ਟਿਕਟ ਲਿਆ ਅਤੇ ਗੱਡੀ ਵਿੱਚ ਬੈਠ ਗਏ।

ਲੜਕਾ ਟ੍ਰੇਨ ਵਿੱਚ ਸ਼ਰਾਰਤਾਂ ਕਰਨ ਲੱਗਾ। ਮਾਂ ਨੇ ਡਾਂਟ ਕੇ ਬੈਠਾ ਦਿਤਾ।
ਲੜਕੇ ਨੇ ਕਿਹਾ - ਅਗਰ ਆਪ ਫਿਰ ਗੁੱਸਾ ਕਰੋਗੇ ਤਾਂ ਮੈਂ ਟਿਕਟਚੈਕਰ ਨੂੰ ਆਪਣੀ ਸਹੀ ਉਮਰ ਦੱਸ ਦੇਵਾਂਗਾ।



........

ਪਤਨੀ : (ਵਿਗਿਆਨਕ ਪਤੀ ਨੂੰ) ਮੈਂ ਕਿਹਾ ਜੀ ਸੁਣੋਂ।
ਪਤੀ : ਕੀ ਹੈ?
ਪਤਨੀ : ਪਾਣੀ ਬਚਾਉ' ਬੈਠਕ ਵਿੱਚ ਨਾ ਜਾਣਾ।
ਪਤੀ : ਕਿਉਂ ?
ਪਤਨੀ : ਚੰਨ ਤੇ ਪਾਣੀ ਮਿਲ ਗਿਆ ਹੈ।

-----

- ਰਜਿਤ

ਵੇਟਰ : ਆਪ ਨੇ ਸਮੋਸੇ ਅਤੇ ਪਕੌੜਿਆਂ ਨੂੰ ਅੰਦਰ ਤੋਂ ਖਾ ਲਿਆ, ਲੇਕਿਨ ਬਾਹਰ ਦਾ ਸਾਰਾ ਛੱਡ ਦਿਤਾ। ਅਜਿਹਾ ਕਿਉਂ?
ਕਸਟਮਰ : ਕਿਉਂਕਿ , ਡਾਕਟਰ ਨੇ ਕਿਹਾ ਹੈ , ਬਾਹਰ ਦਾ ਖਾਣਾ ਮਤ ਖਾਉ।



..........

ਪ੍ਰਵੀਨ ਦੋ ਮਹੀਨੇ ਦੇ ਇਕ ਬੱਚੇ ਦੇ ਰੋਣ ਦੀ ਆਵਾਜ਼ ਰਿਕਾਰਡ ਕਰ ਰਿਹਾ ਸੀ
ਦਿਨੇਸ਼ : ਓਏ! ਤੂੰ ਇਹ ਕੀ ਕਰ ਰਿਹਾ ਹੈ?
ਪ੍ਰਵੀਨ : ਯਾਰ, ਮੈਂ ਇਸ ਬੱਚੇ ਦੀ ਆਵਾਜ਼ ਰਿਕਾਰਡ ਕਰ ਰਿਹਾ ਹਾਂ।
ਦਿਨੇਸ਼ : ਕਿਉਂ?
ਪ੍ਰਵੀਣ : ਜਦ ਇਹ ਵੱਡਾ ਹੋਏਗਾ, ਘੱਟੋ-ਘੱਟ ਮੈਂ ਇਸ ਤੋਂ ਪੁੱਛ ਤਾਂ ਸਕਾਂਗਾ ਕਿ ਉਹ ਕੀ ਬੋਲਣਾ ਚਾਹੁੰਦਾ ਸੀ?

..........

ਇਕ ਆਦਮੀ : (ਅੰਬ ਵਾਲੇ ਨੂੰ) ਕੀ ਇਹ ਲੰਗੜੇ ਅੰਬ ਹਨ?
ਅੰਬ ਵਾਲਾ : ਜੀ ਹਾਂ ਲੰਗੜੇ ਹੀ ਹਨ। ਲੰਗੜੇ ਨਹੀਂ ਹੁੰਦੇ ਤਾਂ ਮੈਂ ਇਹਨਾਂ ਨੂੰ ਸਿਰ ਤੇ ਉਠਾ ਕੇ ਕਿਉਂ ਘੁੰਮਦਾ।

- ਸੋਨੀ ਨਿਰੰਕਾਰੀ

ਸ਼ਾਰਦਾ : ਲੋਕ ਕਹਿੰਦੇ ਹਨ ਕਿ ਦਿਨ ਵਿੱਚ ਦੇਖਿਆ ਸੁਪਨਾ ਸੱਚ ਨਹੀਂ ਹੁੰਦਾ। ਪਰ ਮੇਰਾ ਤਾਂ ਕੱਲ ਦਿਨ ਦਾ ਸੁਪਨਾ ਸੱਚ ਹੋ ਗਿਆ।



ਨਿਸ਼ਠਾ : ਕਿਵੇਂ?

ਸ਼ਾਰਦਾ : ਕੱਲ ਦੁਪਹਿਰ ਨੂੰ ਕਲਾਸ ਵਿੱਚ ਸੌਂਦੇ-ਸੌਂਦੇ ਸੁਪਨਾ ਵੇਖ ਰਹੀ ਸੀ ਕਿ ਮੇਰੀ ਪਿਟਾਈ ਹੋ ਰਹੀ ਹੈ। ਜਦ ਮੈਂ ਉਠੀ ਤਾਂ ਸੱਚ ਵਿੱਚ ਮੇਰੀ ਪਿਟਾਈ ਹੋ ਰਹੀ ਸੀ।

............

ਰਾਤ ਨੂੰ ਠਕ-ਠਕ ਦੀ ਆਵਾਜ਼ ਸੁਣ ਕੇ ਘਰ ਦਾ ਮਾਲਿਕ ਜਾਗ ਗਿਆ।

ਬੋਲਿਆ – ਕੌਣ ਹੈ ਭਾਈ?

ਦੂਸਰੇ ਪਾਸੇ ਤੋਂ ਆਵਾਜ਼ ਆਈ – ਚੋਰ।

ਮਾਲਿਕ ਬੋਲਿਆ – ਠਹਿਰ ਜਾ ਭਾਈ, ਦਿਨ ਵਿੱਚ ਤਾਂ ਮੈਨੂੰ ਇਥੇ ਕੁਝ ਮਿਲਦਾ ਨਹੀਂ ਸ਼ਾਇਦ ਤੇਰੇ ਨਾਲ ਲੱਭਣ ਤੇ ਕੁਝ ਮਿਲ ਜਾਏ।

............

ਯੋਗਿਤਾ : ਅਗਰ ਕਿਸੇ ਨਾਲ ਕੋਈ ਸਮੱਸਿਆ ਹੋ ਜਾਏ ਤਾਂ ਉਹਨੂੰ ਕਿਸ ਦੇ ਕੋਲ ਜਾਣਾ ਚਾਹੀਦਾ ਹੈ?

ਵਿਨੀ : ਕਿਸਾਨ ਦੇ ਕੋਲ।

ਯੋਗਿਤਾ : ਉਹ ਕਿਉਂ?

ਵਿਨੀ : ਕਿਉਂਕਿ ਉਸ ਕੋਲ ਹਲ ਹੁੰਦਾ ਹੈ।

– ਨਿਸ਼ਾ ਚੌਧਰੀ

ਅਪਰੇਸ਼ਨ ਸਫਲ ਹੋਣ ਦੇ ਬਾਅਦ ਮਰੀਜ ਨੂੰ ਡਾਕਟਰ ਨੇ ਕਿਹਾ –

ਹੁਣ ਤੁਸੀਂ ਖਤਰੇ ਤੋਂ ਬਾਹਰ ਹੋ, ਫਿਰ ਵੀ ਤੁਹਾਡੇ ਹੱਥ-ਪੈਰ ਕਿਉਂ ਕੰਬ ਰਹੇ ਹਨ?

ਮਰੀਜ ਬੋਲਿਆ- ਦਰਅਸਲ, ਡਾਕਟਰ ਸਾਹਿਬ, ਮੈਂ ਜਿਸ ਟਰੱਕ ਨਾਲ ਟਕਰਾਇਆ ਸੀ, ਉਸ ਟਰੱਕ ਦੇ ਪਿਛੇ ਲਿਖਿਆ ਸੀ – 'ਫਿਰ ਮੁਲਾਕਾਤ ਹੋਏਗੀ।'

............

ਡਾਕਟਰ : (ਮਰੀਜ਼ ਨੂੰ) ਤੁਸੀ ਬੜੇ ਕਮਜ਼ੋਰ ਹੋ। ਤੁਹਾਨੂੰ ਛਿਲਕੇ ਸਹਿਤ ਫਲ ਖਾਣ ਦੀ ਲੋੜ ਹੈ।



ਮਰੀਜ : ਠੀਕ ਹੈ ਡਾਕਟਰ ਸਾਹਿਬ!

(ਦੂਸਰੇ ਦਿਨ)

ਡਾਕਟਰ : (ਮਰੀਜ਼ ਨੂੰ) ਹੁਣ ਤੁਸੀਂ ਘਰ ਜਾ ਸਕਦੇ ਹੋ।

ਮਰੀਜ : ਡਾਕਟਰ ਸਾਹਿਬ! ਮੇਰੇ ਪੇਟ ਵਿੱਚ ਦਰਦ ਹੋ ਰਿਹਾ ਹੈ।

ਡਾਕਟਰ : ਕੀ ਛਿਲਕੇ ਦੇ ਨਾਲ ਨਾਰੀਅਲ ਖਾਧਾ ਸੀ?

– ਸ਼ਾਮ ਬਿਲਦਾਨੀ

ਜਾਣਕਾਰੀ : ਈਲੂ ਰਾਣੀ

# ਅਨੋਖਾ ਜਵਾਲਾਮੁਖੀ ਪਰਬਤ


**ਪ੍ਰਿਥਵੀ** ਜਦ ਆਪਣਾ ਗੁੱਸਾ ਵਿਖਾਉਂਦੀ ਹੈ ਤਾਂ ਭੁਚਾਲ ਜਾਂ ਜਵਾਲਾਮੁਖੀ ਨੂੰ ਜਨਮ ਦਿੰਦੀ ਹੈ ਪ੍ਰਿਥਵੀ ਦਾ ਗੁੱਸਾ ਮੈਕਸੀਕੋ ਦੇ ਇਕ ਪਿੰਡ ਵਿੱਚ ਬੜਾ ਦੁਖਦਾਈ ਸਾਬਿਤ ਹੋਇਆ, ਜਿਸ ਕਾਰਣ ਪੂਰਾ ਪਿੰਡ ਹੀ ਰਾਖ ਦੇ ਢੇਰ ਵਿੱਚ ਬਦਲ ਗਿਆ।

ਘਟਨਾ ਅੱਜ ਤੋਂ ਪੰਜਾਹ ਸਾਲ ਪਹਿਲਾਂ ਦੀ ਹੈ। ਮੈਕਸੀਕੋ ਦੇ ਇਕ ਕਿਸਾਨ ਦੇ ਖੇਤ ਵਿੱਚ ਜਵਾਲਾਮੁਖੀ ਨੇ ਜਨਮ ਲਿਆ। ਜਮੀਨ ਦੀ ਇਕ ਮੋਰੀ ਵਿਚੋਂ ਧੂੰਏਂ ਦੀ ਇਕ ਬਦਲੀ ਨਿਕਲਦੀ ਦਿਖਾਈ ਦਿੱਤੀ। ਹੌਲੀ-ਹੌਲੀ ਇਹ ਬਦਲੀ ਜ਼ਮੀਨ ਤੋਂ ਉਪਰ ਉਠਣ ਲੱਗੀ, ਨਾਲ ਹੀ ਜ਼ਮੀਨ ਤੋਂ ਬਲਦਾ ਲਾਵਾ ਵੀ ਨਿਕਲਣ ਲੱਗਾ। ਹੌਲੀ-ਹੌਲੀ ਇਹ ਲਾਵਾ ਵਧਦਾ ਚਲਾ ਗਿਆ। ਇਸ ਕਾਰਣ ਪੂਰਾ ਪਿੰਡ ਗਰਮੀ ਨਾਲ ਕੰਬ ਉਠਿਆ। ਨਦੀ ਅਤੇ ਨਾਲੇ ਸੁਕ ਗਏ, ਖੜੀਆਂ ਫਸਲਾਂ ਸੜ ਕੇ ਸੁਆਹ ਹੋ ਗਈਆਂ। ਘਾਹ-ਫੂਸ ਦੀਆਂ ਝੌਂਪੜੀਆਂ ਜਵਾਲਾਮੁਖੀ ਦੀ ਗਰਮੀ ਨਾਲ ਸੁਲਗਣ ਲੱਗੀਆਂ। ਹਜ਼ਾਰਾਂ ਪਸ਼ੂ-ਪੰਛੀ ਅਤੇ ਆਦਮੀ ਜਵਾਲਾਮੁਖੀ ਵਿਚੋਂ ਜ਼ਹਿਰੀਲੀ ਗੈਸ ਰਿਸਣ ਦੇ ਕਾਰਣ ਮੌਤ ਦੇ ਮੂੰਹ ਵਿੱਚ ਸਮਾ ਗਏ।

ਜੋ ਲੋਕ ਸਮਝਦਾਰ ਸਨ। ਉਹ ਪਿੰਡ ਛੱਡ ਕੇ ਦੂਰ ਚਲੇ ਗਏ। ਮਾਤਰ ਪੰਜ ਮਹੀਨੇ ਦੇ ਸਫਰ ਵਿੱਚ ਇਹ ਜਵਾਲਾਮੁਖੀ 1800 ਫੁੱਟ ਉਚੱਾ ਹੋ ਗਿਆ। ਜਦ ਕੁਝ ਵਿਗਿਆਨਕਾਂ ਨੇ ਆ ਕੇ ਜਵਾਲਾਮੁਖੀ ਪਰਬਤ ਨੂੰ ਛੂਹਣ ਦਾ ਯਤਨ ਕੀਤਾ ਤਾਂ ਇਸ ਜਵਾਲਾਮੁਖੀ ਨੇ ਆਪਣਾ ਗੁਸਾ ਫਿਰ ਵਿਖਾਇਆ। ਅਚਾਨਕ ਵਿਸਫੋਟ ਹੋਏ। ਪੂਰੇ ਵਾਤਾਵਰਣ ਵਿੱਚ ਇਕ ਵਾਰ ਫਿਰ ਜ਼ਹਿਰੀਲੀ ਗੈਸ ਫੈਲ ਗਈ। ਕਈ ਪਸ਼ੂ-ਪੰਛੀ ਅਤੇ ਆਦਮੀ ਇਸ ਦੀ ਚਪੇਟ ਵਿੱਚ ਆਏ।

ਇਹ ਜਵਾਲਾਮੁਖੀ ਆਪਣੇ ਸੀਨੇ ਵਿਚੋਂ ਅੱਜ ਵੀ ਧੂੰਆਂ ਉਗਲ ਰਿਹਾ ਹੈ। ਵਿਗਿਆਨਕਾਂ ਲਈ ਇਹ ਇਕ ਭੇਤ (ਰਹੱਸ) ਦਾ ਵਿਸ਼ਾ ਬਣਿਆ ਹੋਇਆ ਹੈ।





ਪੇਸ਼ਕਸ਼ : ਵਿਕਾਸ ਅਰੋੜਾ

# ਸਾਧਾਰਣ ਗਿਆਨ ਪ੍ਰਸ਼ਨੋਤਰੀ



(ਸਭ ਸਵਾਲਾਂ ਦੇ ਜੁਆਬ 'ਰੀ' ਅੱਖਰ ਤੇ ਖਤਮ ਹੁੰਦੇ ਹਨ। ਪੈਨ ਜਾਂ ਪੈਂਸਿਲ ਉਠਾਉ ਅਤੇ ਪ੍ਰਸ਼ਨਚਿੰਨ ਦੇ ਬਾਅਦ ਉੱਤਰ ਲਿਖਦੇ ਜਾਉ।)

1) ਜੰਮੂ ਅਤੇ ਕਸ਼ਮੀਰ ਵਿਚ ਮੁੱਖ ਰੂਪ ਵਿਚ ਕਿਹੜੀ ਭਾਸ਼ਾ ਬੋਲੀ ਜਾਂਦੀ ਹੈ?
2) ਕਿਸ ਨਦੀ ਦੇ ਕਿਨਾਰੇ ਨਾਸਿਕ ਸ਼ਹਿਰ ਵੱਸਿਆ ਹੈ?
3) ਭਾਰਤ ਦੇ ਪਹਿਲੇ ਐਕਟਿੰਗ ਪ੍ਰੈਜੀਡੈਂਟ ਕੌਣ ਸਨ?
4) ਬਰੂਨੇਈ ਦੇਸ਼ ਦੀ ਰਾਜਧਾਨੀ ਦਾ ਕੀ ਨਾਮ ਹੈ?
5) ਦੁਰਯੋਧਨ ਦੀ ਮਾਤਾ ਦਾ ਕੀ ਨਾਮ ਸੀ?
6) ਉੜੀਸਾ ਦੇ ਕਿਸ ਸ਼ਹਿਰ ਵਿਚ ਜਗਨਨਾਥ ਮੰਦਿਰ ਹੈ?
7) ਭਾਰਤ ਰਤਨ ਪੁਰਸਕਾਰ ਪਾਉਣ ਵਾਲੇ ਗਵਰਨਰ ਜਨਰਲ ਕੌਣ ਸਨ?
8) ਕਿਸ ਮਹੀਨੇ ਦੀ 12 ਤਰੀਕ ਨੂੰ 'ਰਾਸ਼ਟਰੀ ਯੁਵਾ ਦਿਵਸ' ਦੇ ਰੂਪ ਵਿਚ ਮਨਾਇਆ ਜਾਂਦਾ ਹੈ?
9) ਮਤੰਗ ਰਿਸ਼ੀ ਦੇ ਕਿਸ ਚੇਲੇ ਦੇ ਜੂਠੇ ਬੇਰ ਭਗਵਾਨ ਸ੍ਰੀ ਰਾਮ ਨੇ ਸਵੀਕਾਰ ਕੀਤੇ ਸਨ?
10) ਬਿਹਾਰ ਦੀ ਕਿਸ ਥਾਂ ਤੇ ਭਗਵਾਨ ਮਹਾਵੀਰ ਨੂੰ ਨਿਰਵਾਣ ਪ੍ਰਾਪਤ ਹੋਇਆ ਸੀ।
11) ਉਲਿੰਪਿਕ ਖੇਡਾਂ ਵਿਚ ਪਦਕ ਪ੍ਰਾਪਤ ਕਰਨ ਵਾਲੀ ਪਹਿਲੀ ਭਾਰਤੀ ਮਹਿਲਾ ਕੌਣ ਸੀ?
12) ਮਣੀਪੁਰ ਵਿਚ ਮੁੱਖ ਰੂਪ ਵਿਚ ਕਿਹੜੀ ਭਾਸ਼ਾ ਬੋਲੀ ਜਾਂਦੀ ਹੈ?
13) ਨੋਬਲ ਪੁਰਸਕਾਰ ਨਾਲ ਸਨਮਾਨਿਤ ਹੋਣ ਵਾਲੀ ਪਹਿਲੀ ਮਹਿਲਾ ਕੌਣ ਸੀ?
14) ਤਮਿਲਨਾਡੂ ਦੇ ਕਿਸ ਸ਼ਹਿਰ ਵਿਚ ਪ੍ਰਸਿੱਧ ਵਿਵੇਕਾਨੰਦ ਮਾਰਗ ਹੈ?
15) ਸਰਵਸ਼੍ਰੇਸ਼ਠ ਅਭਿਨੇਤਰੀ ਦਾ ਪਹਿਲਾ ਫਿਲਮਫੇਅਰ ਪੁਰਸਕਾਰ ਫਿਲਮ ''ਬੈਜੂਬਾਵਰਾ'' ਲਈ ਕਿਸ ਅਭਿਨੇਤਰੀ ਨੂੰ ਮਿਲਿਆ?

(ਸਹੀ ਉੱਤਰ ਕਿਸੇ ਹੋਰ ਪੰਨੇ ਤੇ ਵੇਖੋ)




# ਕਿੱਟੀ

ਚਿੱਤਰਕਾਰ ਅਤੇ ਲੇਖਕ - ਅਜੈ ਕਾਲੜਾ







ਦੋਸਤੋ, ਚਲੋ ਅਸੀ ਸਾਰੇ ਗੁਬਾਰੇ ਖਰੀਦਦੇ ਹਾਂ।
ਹਾਂ, ਚਲੋ।
ਦੋਸਤੋ! ਹੁਣ ਅਸੀ ਸਾਰੇ ਰੋਲਰ ਕੋਸਟਰ ਤੇ ਝੂਲਦੇ ਹਾਂ। ਸੁਣਿਆ ਹੈ ਉਹ ਬਹੁਤ ਖਤਰਨਾਕ ਅਤੇ ਡਰਾਵਣਾ ਝੂਲਾ ਹੈ।
ਚਲੋ, ਚਲੋ! ਫਿਰ ਤਾਂ ਬਹੁਤ ਮਜ਼ਾ ਆਏਗਾ।
ਨਹੀਂ, ਮੈਂ ਨਹੀਂ ਝੂਲਾਂਗੀ। ਮਾਂ ਨੇ ਮੈਨੂੰ ਖਾਸ ਕਰਕੇ ਮਨ੍ਹਾ ਕੀਤਾ ਹੈ, ਉਸ ਤੇ ਨਾ ਬੈਠਣਾ।
ਕਿੱਟੀ ! ਤੂੰ ਕਿੰਨੀ ਡਰਪੋਕ ਹੈ ਆਪਣੀ ਮਾਂ ਦੀ ਗੱਲ ਤੋਂ ਡਰਦੀ ਹੋ।


ਕਿੱਟੀ! ਇਸ ਵਿੱਚ ਡਰਨ ਵਾਲੀ ਤਾਂ ਕੋਈ ਗੱਲ ਨਹੀਂ ਹੈ। ਅਗਰ ਅਸੀਂ ਝੂਲੇ ਨਹੀਂ ਝੂਲਾਂਗੇ ਤਾਂ ਮਜ਼ੇ ਕਿਵੇਂ ਕਰਾਂਗੇ।
ਚਲੋ! ਚਲੋ! ਅਸੀਂ ਸਾਰੇ ਹੁਣ ਝੂਲੇ ਵਿੱਚ ਬੈਠਦੇ ਹਾਂ।
ਨਹੀਂ! ਨਹੀਂ! ਮੈਂ ਨਹੀਂ ਬੈਠਾਂਗੀ, ਤੁਸੀਂ ਸਾਰੇ ਝੂਲੋ।
ਮੰਮੀ! ਮੰਮੀ!! ਬਹੁਤ ਡਰ ਲਗ ਰਿਹਾ ਹੈ।
ਮੈਂ ਤਾਂ ਪਹਿਲਾਂ ਹੀ ਮਨਾ ਕੀਤਾ ਸੀ ਕਿ ਝੂਲਾ ਬਹੁਤ ਖਤਰਨਾਕ ਹੈ। ਚੰਗਾ ਹੋਇਆ ਮੈਂ ਝੂਲੇ ਤੇ ਨਹੀਂ ਬੈਠੀ।


ਮਾਂ ਆਪ ਨੇ ਜਿਵੇਂ ਕਿਹਾ ਸੀ ਮੈਂ ਉਂਝ ਹੀ ਕੀਤਾ। ਮੈਂ ਰੋਲਰਕੋਸਟਰ ਝੂਲੇ ਤੇ ਨਹੀਂ ਝੂਲੀ ਅਤੇ ਹੇਠਾਂ ਖੜੀ ਰਹੀ।


ਕਾਸ਼! ਅਸੀਂ ਵੀ ਕਿੱਟੀ ਦੀ ਗੱਲ ਮੰਨ ਲਈ ਹੁੰਦੀ ਤਾਂ ਡਰ ਦੇ ਕਾਰਨ ਸਾਡੀ ਤਬੀਅਤ ਵੀ ਖਰਾਬ ਨਹੀਂ ਹੁੰਦੀ ਅਤੇ ਮੇਲੇ ਦਾ ਵੀ ਖ਼ੂਬ ਆਨੰਦ ਲੈਂਦੇ।

ਕਹਾਣੀ : ਡਾ: ਵਿਕਾਸ ਮਾਨਵ

# ਨਿਡਰ ਬਾਲਕ ਮਲਹਾਰੀ



ਗੱਲ ਔਰੰਗਜ਼ੇਬ ਬਾਦਸ਼ਾਹ ਦੇ ਸਮੇਂ ਦੀ ਹੈ। ਬਾਦਸ਼ਾਹ ਅਗਰ ਕਿਸੇ ਦੀ ਧਾਕ ਮੰਨਦਾ ਸੀ ਤਾਂ ਕੇਵਲ ਮਰਾਠਿਆਂ ਦੀ। ਦਿੱਲੀ ਦਾ ਇਹ ਸ਼ਹਿਨਸ਼ਾਹ, ਬਾਜੀਰਾਵ ਦੀ ਚਤੁਰਤਾ, ਵੀਰਤਾ ਅਤੇ ਦੂਰਦਰਸ਼ਿਤਾ ਤੋਂ ਪ੍ਰਭਾਵਿਤ ਸੀ। ਉਹਨਾਂ ਦੇ ਇਲਾਵਾ ਕਿਸੇ ਨੂੰ ਵੀ ਕੁਝ ਨਹੀਂ ਸਮਝਦਾ ਸੀ। ਮੁਗਲ ਸੈਨਿਕਾਂ ਨੇ ਮਹਾਂਰਾਸ਼ਟਰ ਵਿੱਚ ਲੁਟਪਾਟ ਅਤੇ ਦਹਿਸ਼ਤ ਮਚਾ ਰੱਖੀ ਸੀ। ਘੋੜਿਆਂ ਤੇ ਸਵਾਰ ਇਹ ਸੈਨਿਕ ਜਦ ਵੀ ਕਿਸੇ ਪਿੰਡ ਤੋਂ ਹੋ ਕੇ ਗੁਜਰਦੇ ਤਾਂ ਫਸਲਾਂ ਨਸ਼ਟ ਕਰ ਦਿੰਦੇ। ਭੇਡ-ਬੱਕਰੀਆਂ ਜੋ ਵੀ ਹੱਥ ਆਉਂਦੀਆਂ, ਲੈ ਜਾਂਦੇ ਅਤੇ ਵੱਢ ਕੇ ਖਾ ਜਾਂਦੇ। ਕਈ ਵਾਰ ਗਰੀਬਾਂ ਦੀਆਂ ਝੌਂਪੜੀਆਂ ਵੀ ਸਾੜ ਦਿੰਦੇ। ਲੋਕ ਇਹਨਾਂ ਵਾਰਦਾਤਾਂ ਤੋਂ ਦੁੱਖੀ ਸਨ।

ਉਸ ਦਿਨ ਹੋਲ ਨਾਮਕ ਪਿੰਡ ਦੇ ਬਾਹਰ ਕੁਝ ਬੱਚੇ ਆਪਣੀਆਂ ਭੇਡ-ਬੱਕਰੀਆਂ ਅਤੇ ਗਾਵਾਂ - ਬਲਦ ਚਰਾ ਰਹੇ ਸਨ। ਅਚਾਨਕ ਉਹਨਾਂ ਦਾ ਧਿਆਨ ਨਦੀ ਵੱਲ ਉਡਦੀ ਧੂੜ ਨੇ ਖਿਚਿਆ। ਸਾਰਿਆਂ ਨੂੰ ਸਭ ਕੁਝ ਯਾਦ ਆ ਗਿਆ। ਉਹ ਡਰ ਗਏ। ਆਪਣੇ-ਆਪਣੇ ਪਸ਼ੂਆਂ ਨੂੰ ਘਰ ਵੱਲ ਹੱਕਣ ਲੱਗੇ।

ਡਰਦੇ ਕਿਉਂ ਹੋ? ਅੱਜ ਸਾਰੇ ਮਿਲ ਕੇ ਉਹਨਾਂ ਦਾ ਮੁਕਾਬਲਾ ਕਰਾਂਗੇ। ਬਾਰ੍ਹਾਂ ਸਾਲ ਦੇ ਮਲਹਾਰੀ ਨਾਮ ਦੇ ਇਕ ਬਾਲਕ ਦੀ ਇਸ ਗੱਲ ਨੂੰ ਕੋਈ ਵੀ ਮੰਨਣ ਲਈ ਤਿਆਰ ਨਹੀਂ ਹੋਇਆ।

ਸਾਰੇ ਬੱਚੇ ਚਲੇ ਗਏ। ਮਲਹਾਰੀ ਉਥੇ ਇਕ ਰੁੱਖ ਦੀ ਓਟ ਵਿੱਚ ਖੜਾ ਰਿਹਾ। ਚਾਰ-ਪੰਜ ਘੋੜਸਵਾਰ ਅਚਾਨਕ ਉਸਦੇ ਸਾਹਮਣਿਉਂ





ਅਗੇ ਘੋੜਸਵਾਰ, ਨਾਲ ਮਲਹਾਰੀ ਅਤੇ ਉਸਦੇ ਪਿਛੇ-ਪਿੱਛੇ ਪਿੰਡ ਦੇ ਬੱਚੇ, ਬੁੱਢੇ, ਇਸਤਰੀ-ਪੁਰਸ਼ ਅਤੇ ਮਾਂ ਰੋਂਦੀ-ਕੁਰਲਾਂਦੀ ਜਾ ਰਹੀ ਸੀ।

ਸਰਦਾਰ ਦੇ ਸਾਹਮਣੇ ਸਾਰੀ ਭੀੜ ਖੜੀ ਸੀ।

- ਤੂੰ ਢੀਮ ਮਾਰੀ?- ਸਰਦਾਰ ਨੇ ਬੱਚੇ ਨੂੰ ਸਵਾਲ ਕੀਤਾ।

-ਹਾਂ-

-ਕਿਉਂ-

ਤੁਸੀਂ ਲੋਕ ਵਾਰ-ਵਾਰ ਸਾਡੇ ਪਿੰਡ ਵਿੱਚ ਆ ਕੇ ਸਾਡਾ ਨੁਕਸਾਨ ਕਰਦੇ ਹੋ। ਸਾਨੂੰ ਪ੍ਰੇਸ਼ਾਨ ਕਰਦੇ ਹੋ ਇਸ ਲਈ।-

ਬਾਲਕ ਦਾ ਨਿਡੱਰ ਉਤੱਰ ਸੁਣ ਕੇ ਸਰਦਾਰ ਹੈਰਾਨ ਹੋ ਗਿਆ। ਉਹਨਾਂ ਨੇ ਕਿਹਾ - ਤੁਸੀ ਬਹਾਦਰ ਲੜਕੇ ਹੋ। ਤੁਸੀਂ ਬਹੁਤ ਚੰਗਾ ਕੀਤਾ। ਲੇਕਿਨ ਤੁਹਾਡੇ ਢੀਮ ਮਾਰਨ ਨਾਲ ਮੇਰਾ ਗਲ ਜ਼ਖਮੀ ਹੋ ਗਿਆ ਜਦ ਕਿ ਮੈਂ ਤੁਹਾਡੇ ਪਿੰਡ ਦਾ ਕੁਝ ਨਹੀਂ ਵਿਗਾੜਿਆ।

ਪੇਸ਼ਵਾ ਨੇ ਬਾਲਕ ਦੀ ਮਾਂ ਅਤੇ ਉਸਦੇ ਮਾਮਾ ਨੂੰ ਬੁਲਾ ਕੇ ਕਿਹਾ - ਆਪ ਇਸ ਬਾਲਕ ਨੂੰ ਸਾਡੇ ਹਵਾਲੇ ਕਰ ਦਿਉ। ਉਥੇ ਮੌਜੂਦ ਸਾਰੇ ਪਿੰਡ ਵਾਸੀ, ਮਾਂ ਅਤੇ ਮਾਮਾ ਦੇ ਨਾਲ ਹੱਥ ਜੋੜ ਕੇ ਬੱਚੇ ਦੇ ਅਪਰਾਧ ਦੀ ਮਾਫੀ ਮੰਗਣ ਲੱਗੇ।

ਪੇਸ਼ਵਾ ਨੇ ਉਹਨਾਂ ਨੂੰ ਸਮਝਾਇਆ ਕਿ ਉਹਨਾਂ ਦਾ ਬਾਲਕ ਬੜਾ ਹੋਣਹਾਰ ਹੈ। ਉਹ ਬਹੁਤ ਬੜਾ ਬਹਾਦਰ ਸਿਪਾਹੀ ਬਣੇਗਾ। ਇਸ ਲਈ ਉਹ ਉਹਨੂੰ ਆਪਣੇ ਨਾਲ ਛਤਰਪਤੀ ਸ਼ਾਹੂ ਮਹਾਰਾਜ ਦੀ ਛਤਰਛਾਇਆ ਹੇਠ ਲੈ ਜਾਣਾ ਚਾਹੁੰਦੇ ਹਨ, ਉਹ ਖੁਸ਼ੀ-ਖੁਸ਼ੀ ਬੱਚੇ ਨੂੰ ਜਾਣ ਦੇਣ।

ਸਾਰਿਆਂ ਨੂੰ ਜਦ ਪਤਾ ਲੱਗਾ ਕਿ ਇਹ ਤਾਂ ਬਾਜੀਰਾਵ ਪੇਸ਼ਵਾ ਹਨ ਤਾਂ ਉਹ ਖੁਸ਼ੀ ਨਾਲ ਉਛਲ ਪਏ। ਅਗੇ ਚਲ ਕੇ ਕਿ ਇਹ ਬਾਲਕ ਬਹੁਤ ਵੱਡਾ ਪਰਾਕਰਮੀ ਅਤੇ ਸ਼ੂਰਵੀਰ ਸੈਨਾਪਤੀ ਬਣਿਆ।

ਨਿਕਲੇ। ਸਭ ਤੋਂ ਅਗੇ ਸਿਰ ਤੇ ਪੱਗ ਬੰਨ੍ਹੀ ਉਹਨਾਂ ਦਾ ਸਰਦਾਰ ਸੀ। ਜਿਉਂ ਹੀ ਉਹ ਉਸ ਬੱਚੇ ਦੇ ਸਾਹਮਣਿਉਂ ਨਿਕਲਿਆ ਉਸਦੇ ਮੂੰਹ ਤੇ ਮਿੱਟੀ ਦੀ ਢੀਮ ਦੀ ਜੋਰਦਾਰ ਸੱਟ ਵੱਜੀ। ਲਹੂ-ਲੁਹਾਨ ਮੂੰਹ ਲਏ ਸਰਦਾਰ ਘੋੜੇ ਤੋਂ ਉਤਰ ਗਿਆ। ਤਦ ਤਕ ਉਸਦੇ ਬਾਕੀ ਸਾਥੀ ਵੀ ਉਥੇ ਆ ਗਏ। ਬੱਚਾ ਉਥੋਂ ਭੱਜ ਨਿਕਲਿਆ ਸੀ। ਸਰਦਾਰ ਨੇ ਕਿਹਾ, ''ਅੱਜ ਸਾਡਾ ਤੰਬੂ ਇਸੇ ਪਿੰਡ ਵਿੱਚ ਲਗੇਗਾ।' ਪਿੰਡ ਵੱਲ ਭੱਜਦੇ ਹੋਏ ਬੱਚੇ ਨੂੰ ਉਸ ਨੇ ਵੇਖ ਲਿਆ ਸੀ। ਇਹ ਸਰਦਾਰ ਬਾਜੀਰਾਵ ਪੇਸ਼ਵਾ ਸਨ।

ਉਹਨਾਂ ਨੇ ਆਪਣੇ ਸਾਥੀਆਂ ਨੂੰ ਨਿਰਦੇਸ਼ ਦਿੱਤਾ ਕਿ ਪਿੰਡ ਵਿੱਚ ਜਾਉ ਅਤੇ ਉਸ ਬਾਲਕ ਨੂੰ ਲੱਭ ਕੇ ਲਿਆਉ ਜਿਸ ਨੇ ਅਜਿਹੀ ਹਰਕਤ ਕੀਤੀ ਹੈ।

ਮਲਹਾਰੀ ਦੇ ਪਿਤਾ ਦਾ ਸਵਰਗਵਾਸ ਹੋ ਚੁੱਕਾ ਸੀ। ਮਾਂ ਉਸਨੂੰ ਲੈ ਕੇ ਪੇਕੇ ਘਰ ਰਹਿ ਰਹੀ ਸੀ। ਮਾਂ ਬੱਚੇ ਦੇ ਮੁਖ ਤੋਂ ਘਟਨਾ ਨੂੰ ਸੁਣ ਕੇ ਘਬਰਾ ਗਈ ਸੀ। ਉਹ ਰੋ ਰਹੀ ਸੀ ਕਿ ਦੋ ਘੋੜਸਵਾਰ ਆ ਧਮਕੇ। ਮਾਂ ਨੇ ਬੇਟੇ ਨੂੰ ਪਿਛੇ ਲੁਕਾਉਣਾ ਚਾਹਿਆ ਪ੍ਰੰਤੂ ਉਹ ਅਗੇ ਵੱਧ ਕੇ ਬੋਲਿਆ - ਕਿਉਂ ਮਿੱਟੀ ਦੀ ਢੀਮ ਨਾਲ ਪੇਟ ਨਹੀਂ ਭਰਿਆ?

ਉਹ ਬੱਚੇ ਨੂੰ ਫੜ ਕੇ ਲਿਜਾਣ ਲੱਗੇ। ਅਗੇ-




**ਨਿਰੰਕਾਰੀ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਦੀ ਛਤਰਛਾਇਆ ਹੇਠ ਦਿੱਲੀ ਵਿਚ ਆਯੋਜਿਤ ਨਿਰੰਕਾਰੀ ਯੂਥ ਸਿੰਪੋਜ਼ੀਅਮ ਵਿਚ ਹੋਏ ਅਧਿਆਤਮਿਕ ਜਾਗ੍ਰਿਤੀ ਦੇ ਪ੍ਰੋਗਰਾਮ ਦੀਆਂ ਕੁਝ ਝਲਕੀਆਂ**

# ਕੀ ਤੁਸੀਂ ਜਾਣਦੇ ਹੋ






- ਅਮਰੀਕਾ ਦੇ ਨਿਊਜਰਸੀ ਰਾਜ ਵਿੱਚ ਐਤਵਾਰ ਨੂੰ ਗੋਭੀ ਵੇਚਣ ਤੇ ਪਾਬੰਦੀ ਹੈ।
- ਦੁਨੀਆਂ ਦਾ ਹਰ ਤੀਸਰਾ ਹਵਾਈ ਅੱਡਾ ਅਮਰੀਕਾ ਵਿੱਚ ਹੈ।
- ਨਿਊਯਾਰਕ ਵਿੱਚ ਛੋਟੇ ਬੱਚਿਆਂ ਦੁਆਰਾ ਸਿਗਰਟ ਦੇ ਟੁਕੜੇ ਇਕੱਠੇ ਕਰਨਾ ਅਪਰਾਧ ਸਮਝਿਆ ਜਾਂਦਾ ਹੈ।
- ਅਮਰੀਕਾ ਦੇ ਮਿਸੂਰੀ ਰਾਜ ਵਿੱਚ ਸ਼ੇਵ (shave) ਬਣਾਉਣ ਲਈ ਆਦਮੀ ਨੂੰ ਲਾਇਸੈਂਸ ਲੈਣਾ ਪੈਂਦਾ ਹੈ।
- ਇਕ ਹਰਿਆ-ਭਰਿਆ ਰੁੱਖ ਸਾਲ ਵਿੱਚ 260 ਪੌਂਡ ਆਕਸੀਜਨ ਛੱਡਦਾ ਹੈ ਜੋ ਕਿ ਲਗਭਗ ਚਾਰ ਪਰਿਵਾਰਾਂ ਲਈ ਸਾਲ ਭਰ ਜ਼ਰੂਰੀ ਹੁੰਦੀ ਹੈ।
- ਭੁੱਖਾ ਚੀਤਾ ਇਕ ਸਮੇਂ 45 ਕਿਲੋ ਤੋਂ ਵੀ ਜ਼ਿਆਦਾ ਮਾਸ ਖਾ ਜਾਂਦਾ ਹੈ।
- ਮਗਰਮੱਛ ਜਦ ਖਾਣਾ ਖਾਂਦਾ ਹੈ ਤਾਂ ਉਸ ਦੀਆਂ ਅੱਖਾਂ ਵਿਚੋਂ ਅੱਥਰੂ ਨਿਕਲਦੇ ਹਨ।
- ਗੋਦਾਵਰੀ ਨਦੀ ਨੂੰ ਦੱਖਣ ਦੀ ਗੰਗਾ ਵੀ ਕਿਹਾ ਜਾਂਦਾ ਹੈ।
- ਸੰਸਾਰ ਦਾ ਸਭ ਤੋਂ ਵੱਡਾ ਡੈਲਟਾ 'ਸੁੰਦਰਵਨ ਡੈਲਟਾ' ਹੈ।
- ਪ੍ਰਿਥਵੀ ਦੇ ਸਭ ਤੋਂ ਨਜ਼ਦੀਕ 'ਸ਼ੁਕਰ ਗ੍ਰਹਿ' ਹੈ।
- ਧਵਨੀ ਦੀ ਤੀਬਰਤਾ ਡੇਸੀਬਲ ਵਿੱਚ ਮਾਪੀ ਜਾਂਦੀ ਹੈ।
- ਮਧੂਮੱਖੀ ਪਾਲਣ ਨੂੰ ਏਪੀਕਲਚਰ ਕਿਹਾ ਜਾਂਦਾ ਹੈ।
- ਕਿਸੇ ਵੈਬਸਾਈਟ ਦੇ ਪਹਿਲੇ ਪੇਜ਼ ਨੂੰ ਹੋਮ ਪੇਜ ਕਿਹਾ ਜਾਂਦਾ ਹੈ।
- ਸਾੜੀ ਇਕ ਅਜਿਹਾ ਪਹਿਰਾਵਾ ਹੈ ਜਿਸ ਵਿੱਚ ਕੋਈ ਸਿਲਾਈ, ਬਟਨ ਜਾਂ ਜਿਪ ਨਹੀਂ ਹੁੰਦੀ।
- ਗਿਰਗਿਟ ਰੰਗ ਬਦਲਣ ਵਿੱਚ ਮਾਹਿਰ ਹੁੰਦੀ ਹੈ। ਇਸ ਦੀ ਲੰਬਾਈ ਤਕਰੀਬਨ ਇਕ ਫੁੱਟ ਹੁੰਦੀ ਹੈ। ਇਸ ਦੀ ਪੂਛ ਕਦੇ ਵੀ ਟੁਟਦੀ ਨਹੀਂ ਹੈ। ਇਹ ਵਾਤਾਵਰਣ ਅਨੁਸਾਰ ਰੰਗ ਬਦਲਦੀ ਰਹਿੰਦੀ ਹੈ।
- ਅਫਰੀਕਾ ਦੇ ਜੰਗਲ ਵਿਚ ਇਕ ਇਸ ਤਰ੍ਹਾਂ ਦਾ ਫੁੱਲ ਪਾਇਆ ਜਾਂਦਾ ਹੈ, ਜੋ ਇਕ ਮਿੰਟ ਵਿਚ ਸੱਤ ਵਾਰ ਰੰਗ ਬਦਲਦਾ ਹੈ। ਉਥੋਂ ਦੇ ਲੋਕ ਇਸ ਫੁੱਲ ਨੂੰ 'ਇੰਦਰਧਨੁਸ਼' ਦੇ ਨਾਂ ਦੇ ਨਾਲ ਜਾਣਦੇ ਹਨ।
- ਪ੍ਰਿਥਵੀ ਦਾ 70 ਪ੍ਰਤਿਸ਼ਤ ਹਿੱਸਾ ਸਮੁੰਦਰ ਨਾਲ ਭਰਿਆ ਹੈ।
- ਦੱਖਣ-ਪੱਛਮ ਏਸ਼ੀਆ ਵਿਚ ਉਗਣ ਵਾਲੇ ਵਿਸ਼ਾਲ ਬਾਂਸ ਦੇ ਰੁੱਖ 24 ਘੰਟੇ ਵਿਚ ਇਕ ਮੀਟਰ ਤਕ ਵੱਧ ਸਕਦੇ ਹਨ।

ਸੰਗ੍ਰਹਿਕਰਤਾ - ਜਗਤਾਰ ਚਮਨ

ਬਾਲ ਕਹਾਣੀ : ਰਾਜਕੁਮਾਰ ਜੈਨ

# ਕਿਸਾਨ ਅਤੇ ਰਾਜਾ



**ਬਹੁਤ** ਪੁਰਾਣੀ ਗੱਲ ਹੈ। ਇਕ ਦਿਨ ਇਕ ਕਿਸਾਨ ਆਪਣਾ ਖੇਤ ਜੋਤ ਰਿਹਾ ਸੀ। ਉਸੇ ਸਮੇਂ ਉਸ ਦੇਸ਼ ਦਾ ਰਾਜਾ ਘੋੜੇ ਤੇ ਸਵਾਰ ਹੋ ਕੇ ਉਧਰੋਂ ਗੁਜਰਿਆ। ਕਿਸਾਨ ਨੂੰ ਵੇਖ ਕੇ ਰਾਜਾ ਰੁਕ ਗਿਆ ਅਤੇ ਉਸ ਨੇ ਕਿਸਾਨ ਤੋਂ ਪੁੱਛਿਆ - ਕਿਉਂ ਭਾਈ, ਇਕ ਦਿਨ ਵਿੱਚ ਤੁਸੀਂ ਕਿੰਨਾ ਕਮਾ ਲੈਂਦੇ ਹੋ?

ਕਿਸਾਨ ਨੇ ਆਪਣਾ ਹਲ ਰੋਕਦੇ ਹੋਏ ਜਵਾਬ ਦਿੱਤਾ - ਅੰਨਦਾਤਾ, ਮੈਂ ਪੂਰੇ ਦਿਨਭਰ ਵਿੱਚ ਕੇਵਲ ਚਾਰ ਆਨੇ ਕਮਾਉਂਦਾ ਹਾਂ।

ਰਾਜੇ ਨੇ ਫਿਰ ਪੁੱਛਿਆ - ਤੁਸੀਂ ਇਹਨਾਂ ਚਾਰ ਆਨਿਆਂ ਦਾ ਕੀ ਕਰਦੇ ਹੋ?

ਕਿਸਾਨ ਨੇ ਜਵਾਬ ਦਿੱਤਾ - ਇਕ ਆਨੇ ਨਾਲ ਮੈਂ ਖਾਣਾ ਖਾਂਦਾ ਹਾਂ, ਦੂਸਰਾ ਉਧਾਰ ਦਿੰਦਾ ਹਾਂ, ਤੀਸਰਾ ਚੁਕਾ ਦਿੰਦਾ ਹਾਂ ਅਤੇ ਚੌਥਾ ਖੂਹ ਵਿੱਚ ਸੁੱਟ ਦਿੰਦਾ ਹਾਂ।

ਰਾਜਾ ਕੁਝ ਸਮਝ ਨਾ ਸਕਿਆ ਅਤੇ ਉਸ ਨੇ ਕਿਸਾਨ ਨੂੰ ਸਾਫ਼-ਸਾਫ਼ ਦੱਸਣ ਲਈ ਕਿਹੋ?

ਕਿਸਾਨ ਨੇ ਤਦ ਵਿਸਥਾਰ ਨਾਲ ਦੱਸਿਆ - ਸ਼੍ਰੀਮਾਨ! ਪਹਿਲੇ ਆਨੇ ਨਾਲ ਮੈਂ ਆਪਣਾ ਅਤੇ ਆਪਣੀ ਪਤਨੀ ਦਾ ਪੇਟ ਭਰਦਾ ਹਾਂ, ਦੂਸਰੇ ਆਨੇ ਨਾਲ ਮੈਂ ਬੱਚਿਆਂ ਨੂੰ ਖਿਲਾ-ਪਿਲਾ ਦਿੰਦਾ ਹਾਂ। ਜਦ ਉਹ ਵੱਡੇ ਹੋਣਗੇ ਅਤੇ ਮੈਂ ਬੁੱਢਾ ਹੋ ਜਾਵਾਂਗਾ ਤਦ ਉਹ ਮੇਰੀ ਦੇਖਭਾਲ ਕਰਕੇ ਮੇਰਾ ਕਰਜ ਚੁਕਾ ਦੇਣਗੇ। ਤੀਸਰੇ ਆਨੇ ਨਾਲ ਮੈਂ ਆਪਣੇ ਬੁੱਢੇ ਮਾਤਾ-ਪਿਤਾ ਦਾ ਪਾਲਣ-ਪੋਸ਼ਣ ਕਰਕੇ ਉਹਨਾਂ ਦਾ ਕਰਜਾ ਚੁਕਾਉਂਦਾ ਹਾਂ। ਚੌਥਾਂ ਆਨਾ ਮੈਂ ਕਿਸੇ ਗਰੀਬ ਨੂੰ ਦਾਨ ਦਿੰਦਾ ਹਾਂ ਅਰਥਾਤ ਸਮਾਜ ਸੇਵਾ ਵਿੱਚ ਲਗਾ ਦਿੰਦਾ ਹਾਂ, ਜਿਸ ਦੇ ਬਦਲੇ ਵਿੱਚ ਕੁਝ ਪਾਉਣ ਦੀ ਆਸ਼ਾ ਮੈਂ ਨਹੀਂ ਕਰਦਾ।

ਕਿਸਾਨ ਦਾ ਇਹ ਬੁੱਧੀਮਤਾਪੂਰਣ ਜਵਾਬ ਸੁਣ ਕੇ ਰਾਜਾ ਬੇਹੱਦ ਖੁਸ਼ ਹੋਇਆ ਅਤੇ ਉਸਨੇ ਕਿਸਾਨ ਨੂੰ ਕਿਹਾ - ਜਦ ਤਕ ਤੂੰ ਮੇਰਾ ਚਿਹਰਾ ਇਕ ਸੌ ਵਾਰ ਨਹੀਂ ਵੇਖੇਗਾ ਤਦ ਤਕ ਇਹ ਜਵਾਬ ਕਿਸੇ ਨੂੰ ਨਹੀਂ ਦੱਸਣਾ। ਕਿਸਾਨ ਨੇ ਵਾਅਦਾ ਕਰ ਲਿਆ ਅਤੇ ਆਪਣੇ ਕੰਮ ਵਿੱਚ ਰੁਝ ਗਿਆ।

ਅਗਲੇ ਦਿਨ ਜਦ ਰਾਜਾ ਆਪਣੇ ਮੰਤਰੀਆਂ ਸਹਿਤ ਦਰਬਾਰ ਵਿੱਚ ਬੈਠਾ ਹੋਇਆ ਸੀ ਤਦ



ਉਸ ਨੇ ਆਪਣੇ ਮੰਤਰੀਆਂ ਤੋਂ ਪੁੱਛਿਆ – ਆਪਣੇ ਦੇਸ਼ ਵਿੱਚ ਇਕ ਕਿਸਾਨ ਰਹਿੰਦਾ ਹੈ ਜੋ ਚਾਰ ਆਨੇ ਰੋਜ ਕਮਾਉਂਦਾ ਹੈ। ਪਹਿਲਾ ਆਨਾ ਉਹ ਖਾਂਦਾ ਹੈ, ਦੂਸਰਾ ਉਧਾਰ ਦਿੰਦਾ ਹੈ, ਤੀਸਰਾ ਆਨਾ ਚੁਕਾਉਂਦਾ ਹੈ ਅਤੇ ਚੌਥਾ ਆਨਾ ਖੂਹ ਵਿੱਚ ਸੁੱਟ ਦਿੰਦਾ ਹੈ। ਦੱਸੋ, ਕਿਵੇਂ?

ਮੰਤਰੀਆਂ ਨੇ ਰਾਜੇ ਦੇ ਸਵਾਲ ਤੇ ਬਹੁਤ ਦਿਮਾਗ ਖਪਾਇਆ ਮਗਰ ਕੋਈ ਇਸਦਾ ਉਤਰ ਨਹੀਂ ਦੇ ਸਕਿਆ। ਮੰਤਰੀਆਂ ਵਿੱਚੋਂ ਇਕ ਨੂੰ ਇਹ ਭਨਕ ਲਗ ਗਈ ਸੀ ਕਿ ਰਾਜਾ ਦੀ ਗੱਲਬਾਤ ਕੱਲ ਇਕ ਕਿਸਾਨ ਨਾਲ ਹੋਈ ਸੀ। ਉਹ ਮੰਤਰੀ ਤੁਰੰਤ ਉਸ ਕਿਸਾਨ ਕੋਲ ਗਿਆ ਅਤੇ ਉਸ ਤੋਂ ਜਵਾਬ ਮੰਗਿਆ।

ਕਿਸਾਨ ਨੇ ਕਿਹਾ – ਮੈਂ ਤੁਹਾਨੂੰ ਇਸ ਸੰਬੰਧ ਵਿੱਚ ਤਦ ਤਕ ਕੁਝ ਨਹੀਂ ਦੱਸ ਸਕਾਂਗਾ ਜਦ ਤਕ ਕਿ ਮੈਂ ਰਾਜਾ ਦਾ ਚਿਹਰਾ ਸੌ ਵਾਰ ਨਹੀਂ ਵੇਖ ਲਵਾਂ ਇਸ ਲਈ ਅਗਰ ਆਪ ਜਵਾਬ ਚਾਹੁੰਦੇ ਹੋ ਤਾਂ ਮੈਨੂੰ ਸੌ ਸੋਨੇ ਦੀਆਂ ਮੋਹਰਾਂ ਦਿਉ, ਜਿਨ੍ਹਾਂ ਤੇ ਰਾਜੇ ਦਾ ਚਿਤੱਰ ਹੈ। ਮੰਤਰੀ ਨੇ ਕਿਸਾਨ ਨੂੰ ਸੌ ਮੋਹਰਾਂ ਦੇ ਕੇ ਜਵਾਬ ਜਾਣ ਲਿਆ।



ਹੁਣ ਮੰਤਰੀ ਨੇ ਰਾਜਾ ਦੇ ਕੋਲ ਜਾ ਕੇ ਉਹਨਾਂ ਦੇ ਸਵਾਲ ਦਾ ਸਹੀ ਜਵਾਬ ਦੇ ਦਿਤਾ। ਰਾਜਾ ਫੌਰਨ ਭਾਪ ਗਿਆ ਕਿ ਮੰਤਰੀ ਨੂੰ ਕਿਸਾਨ ਨੇ ਦੱਸਿਆ ਹੈ। ਰਾਜੇ ਨੇ ਕਿਸਾਨ ਨੂੰ ਦਰਬਾਰ ਵਿੱਚ ਬੁਲਾਇਆ।

ਦਰਬਾਰ ਵਿੱਚ ਜਦ ਰਾਜੇ ਨੇ ਕਿਸਾਨ ਤੋਂ ਪੁੱਛਿਆ – ਤੂੰ ਪ੍ਰਤਿੱਗਿਆ ਕਿਉਂ ਨਹੀਂ ਨਿਭਾਈ?
ਕਿਸਾਨ ਨੇ ਜਵਾਬ ਦਿੱਤਾ – ਰਾਜਨ, ਸ਼੍ਰੀਮਾਨ ਮੰਤਰੀ ਨੂੰ ਇਹ ਜਾਣਕਾਰੀ ਦੇਣ ਤੋਂ ਪਹਿਲਾਂ ਮੈਂ ਆਪ ਦਾ ਚਿਹਰਾ ਸੌ ਵਾਰ ਵੇਖ ਲਿਆ ਸੀ।

ਤਦ ਉਸ ਨੇ ਰਾਜਾ ਨੂੰ ਸੌ ਸੋਨੇ ਦੀਆਂ ਮੋਹਰਾਂ ਦੀ ਥੈਲੀ ਵਿਖਾਈ। ਰਾਜਾ ਕਿਸਾਨ ਦੀ ਸੂਝਬੂਝ ਅਤੇ ਬੁੱਧੀਮਾਨੀ ਤੋਂ ਬਹੁਤ ਪ੍ਰਭਾਵਿਤ ਹੋਇਆ ਅਤੇ ਉਸਨੇ ਸੌ ਸੋਨੇ ਦੀਆਂ ਮੋਹਰਾਂ ਆਪਣੇ ਵਲੋਂ ਵੀ ਕਿਸਾਨ ਨੂੰ ਭੇਟ ਕੀਤੀਆਂ।

❑ ਪਰਸ਼ੂਰਾਮ ਸ਼ੁਕਲ

# ਜੰਮੂ ਕਸ਼ਮੀਰ ਦਾ ਪਸ਼ੂ ਹਾਂਗੁਲ



**ਭਾਰਤ** ਦੇ ਉੱਤਰੀ ਹਿੱਸੇ ਦੇ ਪਰਬਤੀ ਜੰਗਲਾਂ ਵਿੱਚ ਹਿਰਨ ਪਰਿਵਾਰ ਦੇ ਚਾਰ ਜੰਗਲੀ ਜੀਵ ਮਿਲਦੇ ਹਨ। ਇਹ ਹਨ – ਸਾਂਭਰ, ਕਾਂਕੜ, ਕਸਤੂਰੀ ਹਿਰਨ ਅਤੇ ਹਾਂਗੁਲ। ਇਹਨਾਂ ਵਿਚੋਂ ਸਾਂਭਰ ਅਤੇ ਕਾਂਕੜ ਜ਼ਿਆਦਾ ਉਚੇ ਹਿੱਸਿਆਂ ਵਿੱਚ ਨਹੀਂ ਰਹਿ ਸਕਦੇ। ਇਹ ਕੇਵਲ ਢਾਈ ਹਜ਼ਾਰ ਮੀਟਰ ਤਕ ਉਚੇ ਥਾਵਾਂ ਤੇ ਹੀ ਵੇਖਣ ਨੂੰ ਮਿਲਦੇ ਹਨ। ਬਾਕੀ ਦੋ ਹਿਰਨ ਕਸਤੂਰੀ ਹਿਰਨ ਅਤੇ ਹਾਂਗੁਲ ਜ਼ਿਆਦਾ ਉਚੇ ਪਰਬਤੀ ਇਲਾਕੇ ਵਿੱਚ ਰਹਿਣਾ ਪਸੰਦ ਕਰਦੇ ਹਨ।

ਹਾਂਗੁਲ ਇਕ ਭਾਰਤੀ ਹਿਰਨ ਹੈ। ਇਸਨੂੰ ਕਸ਼ਮੀਰੀ ਸਟੈਗ ਅਤੇ ਕਸ਼ਮੀਰੀ ਬਾਰਾਸਿੰਘਾ ਵੀ ਕਹਿੰਦੇ ਹਨ, ਪਰ ਇਹ ਬਾਰਾਸਿੰਘਾ ਨਾਲੋਂ ਪੂਰੀ ਤਰ੍ਹਾਂ ਵੱਖ ਹੈ। ਹਾਂਗੁਲ ਹਿਮਾਲਿਆ ਪਰਬਤ ਦੇ 2400 ਮੀਟਰ ਤੋਂ ਲੈ ਕੇ 4000 ਮੀਟਰ ਤੱਕ ਉਚੀਆਂ ਥਾਵਾਂ ਤੇ ਮਿਲਦਾ ਹੈ। ਕਿਸੇ ਸਮੇਂ ਇਹ ਪੂਰੇ ਕਸ਼ਮੀਰ, ਹਿਮਾਚਲ ਪ੍ਰਦੇਸ਼ ਅਤੇ ਹਿਮਾਲਿਆ ਦੇ ਪਰਬਤੀ ਜੰਗਲਾਂ ਵਿੱਚ ਫੈਲਿਆ ਹੋਇਆ ਸੀ, ਪਰ ਹੁਣ ਕੇਵਲ ਕਸ਼ਮੀਰ ਦੇ ਡਾਚੀਗਾਮ ਅਤੇ ਹਿਮਾਚਲ ਪ੍ਰਦੇਸ਼ ਦੇ ਉਤਰੀ ਚੰਬਾ ਵਿੱਚ ਹੀ ਸੀਮਿਤ ਰਹਿ ਗਿਆ ਹੈ।

ਹਾਂਗੁਲ ਹਮੇਸ਼ਾਂ ਇਕੱਲੇ ਜਾਂ ਦੋ ਤੋਂ ਲੈ ਕੇ ਅਠਾਰਾਂ ਤਕ ਦੇ ਝੁੰਡ ਵਿੱਚ ਨਦੀਆਂ ਦੇ ਨੇੜੇ ਜੰਗਲਾਂ ਜਾਂ ਚੀੜ ਦੇ ਸੰਘਣੇ ਜੰਗਲਾਂ ਵਿੱਚ ਰਹਿੰਦਾ ਹੈ। ਇਸਨੂੰ ਇਕ ਹੀ ਜੰਗਲ ਵਿੱਚ ਰਹਿਣਾ ਬਿਲਕੁਲ ਪਸੰਦ ਨਹੀਂ। ਇਹ ਇਕ ਸ਼ਰਮੀਲਾ ਹਿਰਨ ਹੈ। ਇਸਨੂੰ ਆਜ਼ਾਦੀ ਨਾਲ ਘੁੰਮਣ ਲਈ ਬਹੁਤ ਵੱਡਾ ਇਲਾਕਾ ਚਾਹੀਦਾ ਹੈ। ਹਾਂਗੁਲ ਭੋਜਨ ਦੀ ਭਾਲ ਵਿੱਚ ਇਕ ਜੰਗਲ ਤੋਂ ਦੂਜੇ ਜੰਗਲ ਅਤੇ ਫਿਰ ਇਸੇ ਤਰ੍ਹਾਂ ਹੋਰ ਜੰਗਲਾਂ ਵਿੱਚ ਘੁੰਮਦਾ ਰਹਿੰਦਾ ਹੈ। ਇਹ ਗਰਮੀਆਂ ਦੇ ਦਿਨਾਂ ਵਿੱਚ ਹਿਮਾਲਿਆ ਪਰਬਤ ਦੇ ਉਚੇ ਹਿੱਸਿਆਂ ਵਿੱਚ ਚਲਾ ਜਾਂਦਾ ਹੈ ਅਤੇ ਸਰਦੀਆਂ ਵਿੱਚ ਜ਼ਿਆਦਾ ਠੰਡ ਦੇ ਕਾਰਣ ਦੁਬਾਰਾ ਥੱਲ੍ਹੇ ਦੀ ਘਾਟੀ ਵਾਲੇ ਇਲਾਕੇ ਵਿੱਚ ਆਉਂਦਾ ਹੈ।

ਹਾਂਗੁਲ ਦੀ ਸਰੀਰਿਕ ਰਚਨਾ ਸਾਂਭਰ ਦੇ ਸਮਾਨ ਹੁੰਦੀ ਹੈ। ਇਹ ਆਕਾਰ ਵਿੱਚ ਸਾਂਭਰ ਤੋਂ ਕੁਝ ਛੋਟਾ ਹੁੰਦਾ ਹੈ। ਹਾਂਗੁਲ ਦੇ ਸਰੀਰ ਦੀ ਲੰਬਾਈ 125 ਸੈਂਟੀਮੀਟਰ ਤੋਂ ਲੈ ਕੇ 150 ਸੈਂਟੀਮੀਟਰ ਤਕ, ਮੋਢੇ ਦੀ ਉਚਾਈ 120 ਸੈਂਟੀਮੀਟਰ ਤੋਂ 125 ਸੈਂਟੀਮੀਟਰ ਤਕ ਅਤੇ ਵਜਨ 150 ਕਿਲੋ ਤੋਂ ਲੈ ਕੇ 225 ਕਿਲੋ ਤਕ ਹੁੰਦਾ ਹੈ।ਇਸਦਾ ਰੰਗ ਹਲਕੇ ਭੂਰੇ ਰੰਗ ਤੋਂ ਲੈ ਕੇ

ਗਹਿਰੇ ਭੂਰੇ ਤਕ ਹੁੰਦਾ ਹੈ ਅਤੇ ਇਸ ਉਤੇ ਛੋਟੇ-2 ਮੁਲਾਇਮ ਵਾਲ ਹੁੰਦੇ ਹਨ। ਹਾਂਗੁਲ ਦੀਆਂ ਦੋਵੇਂ ਪਾਸੇ ਦੀਆਂ ਕੱਛਾ ਦਾ ਹਿੱਸਾ ਪੀਲਾਪਨ ਲਏ ਹੋਏ ਹਲਕਾ ਭੂਰਾ ਹੁੰਦਾ ਹੈ।

ਹਾਂਗੁਲ ਦੇ ਪੈਰਾਂ ਦਾ ਰੰਗ ਸਰੀਰ ਦੇ ਰੰਗ ਨਾਲੋਂ ਕੁਝ ਹਲਕਾ ਹੁੰਦਾ ਹੈ ਅਤੇ ਇਹ ਕਾਫੀ ਲੰਬੇ ਅਤੇ ਮਜ਼ਬੂਤ ਹੁੰਦੇ ਹਨ। ਆਪਣੇ ਮਜ਼ਬੂਤ ਪੈਰਾਂ ਦੇ ਬਲ ਨਾਲ ਇਹ ਪਰਬਤੀ ਇਲਾਕਿਆਂ ਦੀ ਸਿੱਧੀ ਚੜ੍ਹਾਈ ਵੀ ਦੌੜਦਾ ਹੋਇਆ ਚੜ੍ਹ ਜਾਂਦਾ ਹੈ ਅਤੇ ਥੱਕਦਾ ਨਹੀਂ ਹੈ। ਨਰ ਹਾਂਗੁਲ ਦੇ ਪਿਛਲੇ ਹਿੱਸੇ ਉਤੇ ਲੰਬੇ ਅਤੇ ਘਣੇ ਵਾਲ ਹੁੰਦੇ ਹਨ ਅਤੇ ਗਰਦਨ ਦੇ ਥੱਲ੍ਹੇ ਦੇ ਹਿੱਸੇ ਵਿੱਚ ਛੋਟੇ-2 ਘੱਟ ਘਣੇ ਵਾਲ ਹੁੰਦੇ ਹਨ। ਹਾਂਗੁਲ ਦਾ ਮੂੰਹ ਲੰਮਾ, ਕੰਨ ਵੱਡੇ ਅਤੇ ਪੂਛ ਛੋਟੀ ਹੁੰਦੀ ਹੈ। ਇਸਦੇ ਬੁਲ, ਠੋਡੀ, ਕੰਨਾਂ ਦੇ ਵਿਚਕਾਰ ਦਾ ਹਿੱਸਾ, ਪੇਟ ਅਤੇ ਸਰੀਰ ਦੇ ਥੱਲੇ ਦਾ ਹਿੱਸਾ ਆਦਿ ਸਫੇਦੀ ਲਏ ਹੋਏ ਹਲਕੇ ਭੂਰੇ ਰੰਗ ਦਾ ਹੁੰਦਾ ਹੈ। ਹਾਂਗੁਲ ਦੇ ਸਰੀਰ ਦਾ ਰੰਗ ਗਰਮੀਆਂ ਵਿੱਚ ਹਲਕਾ ਪੈ ਜਾਂਦਾ ਹੈ ਅਤੇ ਸਰਦੀਆਂ ਵਿੱਚ ਦੁਬਾਰਾ ਗਹਿਰਾ ਹੋ ਜਾਂਦਾ ਹੈ, ਪਰ ਬੁੱਢੇ ਨਰ ਸਥਾਈ ਰੂਪ ਨਾਲ ਗਹਿਰੇ ਰੰਗ ਦੇ ਹੋ ਜਾਂਦੇ ਹਨ।

ਮਾਦਾ ਹਾਂਗੁਲ ਦਾ ਸਰੀਰ ਨਰ ਨਾਲੋ ਛੋਟਾ ਹੁੰਦਾ ਹੈ, ਕਦੇ-2 ਬੁੱਢੇ ਮਾਦਾ ਦੇ ਸਰੀਰ ਉਤੇ ਚਿੱਟੇ ਰੰਗ ਦੀ ਬਿੰਦੀਆਂ ਉਭਰ ਆਉਂਦੀਆਂ ਹਨ, ਜੋ ਜੀਵਨ ਭਰ ਬਣੀਆਂ ਰਹਿੰਦੀਆਂ ਹਨ।

ਨਰ ਹਾਂਗੁਲ ਦੇ ਸਿਰ ਉਤੇ ਆਮ ਹਿਰਨਾਂ ਦੀ ਤਰ੍ਹਾਂ ਦੋ ਸਿੰਗ ਹੁੰਦੇ ਹਨ, ਜਿਨ੍ਹਾਂ ਦੀ ਲੰਬਾਈ 100 ਸੈਂਟੀਮੀਟਰ ਤੋਂ ਲੈ ਕੇ 110 ਸੈਂਟੀਮੀਟਰ ਤਕ ਹੁੰਦੀ ਹੈ। ਹਾਂਗੁਲ ਦੇ ਜ਼ਿਆਦਾ ਲੰਮੇ ਸਿੰਗ ਦਾ ਕੀਰਤੀਮਾਨ 128.3 ਸੈਂਟੀਮੀਟਰ ਹੈ। ਇਸਦੇ ਹਰ ਇਕ ਸਿੰਗ ਵਿੱਚ 5 ਜਾਂ 6 ਹਿੱਸੇ ਹੁੰਦੇ ਹਨ, ਜਿਨ੍ਹਾਂ ਦੇ ਸਿਰੇ ਪਤਲੇ ਅਤੇ ਨੁਕੀਲੇ ਹੁੰਦੇ ਹਨ। ਹਾਂਗੁਲ ਦੇ ਸਿੰਗਾਂ ਦੇ ਹਿੱਸਿਆਂ ਦੀ ਕੁਲ ਗਿਣਤੀ 10 ਤੋਂ 13 ਤਕ ਹੋ ਸਕਦੀ ਹੈ ਪਰ ਕਦੇ-2 14-15 ਹਿੱਸਿਆਂ ਵਾਲੇ ਸਿੰਗ ਵੀ ਵੇਖਣ ਨੂੰ ਮਿਲ ਜਾਂਦੇ ਹਨ। ਹਾਂਗੁਲ ਦੇ ਸਿੰਗ ਦੇ ਹਿੱਸਿਆਂ ਦਾ ਕੀਰਤੀਮਾਨ 16 ਹੈ, ਪਰ 16 ਹਿੱਸਿਆਂ ਵਾਲੇ ਸਿੰਗਾਂ ਵਾਲਾ ਹਾਂਗੁਲ ਅਜੇ ਤਕ ਕੇਵਲ ਇਕ ਹੀ ਵੇਖਿਆ ਗਿਆ ਹੈ। ਨਰ ਹਾਂਗੁਲ ਦੇ ਸਿੰਗ ਮਾਰਚ-ਅਪ੍ਰੈਲ ਤਕ ਡਿੱਗ ਜਾਂਦੇ ਹਨ। ਇਸ ਤੋਂ ਬਾਅਦ ਇਹ ਉਚੇ ਪਰਬਤੀ ਜੰਗਲਾਂ ਦੇ ਵੱਲ ਤੁਰ ਪੈਂਦਾ ਹੈ। ਇਸਦੇ ਸਿੰਗ ਅਗਸਤ ਵਿੱਚ ਦੁਬਾਰਾ ਨਿਕਲਣਾ ਸ਼ੁਰੂ ਹੁੰਦੇ ਹਨ ਅਤੇ ਅਕਤੂਬਰ ਤਕ ਪੂਰੇ ਨਿਕਲ ਆਉਂਦੇ ਹਨ।

ਹਾਂਗੁਲ ਦਿਨ ਵੇਲੇ ਚਰਦਾ ਹੈ। ਇਹ ਸਵੇਰ ਹੁੰਦੇ ਹੀ ਭੋਜਨ ਦੀ ਭਾਲ ਵਿੱਚ ਨਿਕਲ ਜਾਂਦਾ ਹੈ ਅਤੇ ਸ਼ਾਮ ਵੇਲੇ ਹਨ੍ਹੇਰਾ ਹੋਣ ਤਕ ਚਰਦਾ ਰਹਿੰਦਾ ਹੈ ਅਤੇ ਰਾਤ ਵੇਲੇ ਕਿਸੇ ਸੁਰੱਖਿਅਤ ਥਾਂ ਤੇ ਆਰਾਮ ਕਰਦਾ ਹੈ। ਹਾਂਗੁਲ ਨੂੰ ਤੇਜ਼ ਧੁੱਪ ਜਾਂ ਗਰਮੀ ਸਹਿਨ ਨਹੀਂ ਹੁੰਦੀ। ਗਰਮੀ ਦੇ ਦਿਨਾਂ ਵਿੱਚ ਤੇਜ਼ ਧੁੱਪ ਹੋਣ ਤੇ ਇਹ ਕਿਸੇ ਛਾਂ ਵਾਲੇ ਰੁੱਖ ਥੱਲ੍ਹੇ ਅਰਾਮ ਕਰਦਾ ਹੈ ਅਤੇ ਧੁੱਪ ਦੀ ਤੇਜ਼ੀ ਖ਼ਤਮ ਹੋਣ ਤੇ ਦੁਬਾਰਾ ਚਰਨ ਲਈ ਨਿਕਲ ਪੈਂਦਾ ਹੈ।

ਹਾਂਗੁਲ ਹਮੇਸ਼ਾ ਝੁੰਡ ਵਿੱਚ ਰਹਿਣ ਵਾਲਾ ਹਿਰਨ ਹੈ। ਇਹ ਹਮੇਸ਼ਾਂ ਝੁੰਡ ਵਿੱਚ ਹੀ ਚਰਦਾ ਹੈ ਪਰ ਇਸਦੇ ਝੁੰਡ ਵਿੱਚ ਮੈਂਬਰਾਂ ਦੀ ਗਿਣਤੀ ਮੌਸਮ ਤੇ ਨਿਰਭਰ ਕਰਦੀ ਹੈ। ਹਾਂਗੁਲ ਦਾ ਪਰਮੁੱਖ ਭੋਜਨ ਘਾਹ, ਪੱਤੀਆਂ ਅਤੇ ਪਰਬਤੀ ਜੰਗਲਾਂ ਵਿੱਚ ਉਗਣ ਵਾਲੀਆਂ ਵੱਖ-2 ਤਰ੍ਹਾਂ ਦੀਆਂ ਝਾੜੀਆਂ ਆਦਿ ਹੈ। ਇਹ ਕਦੇ ਵੀ ਇਕ ਜੰਗਲ ਵਿੱਚ ਰਹਿ ਕੇ ਨਹੀਂ ਚਰਦਾ, ਬਲਕਿ ਭੋਜਨ ਦੀ ਭਾਲ ਵਿੱਚ ਇਕ ਜੰਗਲ ਤੋਂ ਦੂਜੇ ਜੰਗਲ ਅਤੇ ਇਸੇ ਤਰ੍ਹਾਂ ਤੀਜੇ-ਚੌਥੇ ਜੰਗਲ ਵਿੱਚ ਘੁੰਮਦਾ ਫਿਰਦਾ ਹੈ।

ਹਾਂਗੁਲ ਦੇ ਝੁੰਡ ਵਿੱਚ ਹਮੇਸ਼ਾਂ ਦੋ ਤੋਂ ਲੈ ਕੇ ਅਠਾਰਾਂ ਤਕ ਮੈਂਬਰ ਰਹਿੰਦੇ ਹਨ। ਹਾਂਗੁਲ ਦੇ ਝੁੰਡ ਵਿੱਚ ਹਮੇਸ਼ਾਂ ਇਕ ਜਾਂ ਦੋ ਨਰ, ਅਨੇਕ ਮਾਦਾਵਾਂ ਅਤੇ ਇਹਨਾਂ ਦੇ ਬੱਚੇ ਹੁੰਦੇ ਹਨ। ਮਾਰਚ-ਅਪ੍ਰੈਲ ਦੇ ਮਹੀਨੇ ਵਿੱਚ ਤੇਜ ਗਰਮੀ ਹੋਣੇ ਤੇ ਭੋਜਨ ਦੀ ਕਮੀ ਦੇ ਕਾਰਣ ਹਾਂਗੁਲ ਦੇ ਝੁੰਡ ਟੁੱਟ ਜਾਂਦੇ ਹਨ।

ਹਾਂਗੁਲ ਦੀ ਦ੍ਰਿਸ਼ਟੀ ਆਮ ਹੁੰਦੀ ਹੈ ਪਰ ਸੁਣਨ ਸ਼ਕਤੀ ਬਹੁਤ ਤੇਜ਼ ਹੁੰਦੀ ਹੈ। ਇਸਦੇ ਚਾਰ ਪ੍ਰਮੁੱਖ ਦੁਸ਼ਮਣ ਹਨ- ਹਿਮਾਲਿਆ ਦਾ ਭੂਰਾ ਭਾਲੂ, ਕਾਲਾ ਭਾਲੂ, ਹਿਮਤੇਂਦੂਆ ਅਤੇ ਤੇਂਦੂਆ। ਇਹਨਾਂ ਵਿੱਚੋਂ ਤੇਂਦੂਆ ਸਭ ਤੋਂ ਵੱਧ ਖਤਰਨਾਕ ਹੁੰਦਾ ਹੈ। ਇਸਦੀ ਗੰਧ ਸੁੰਘਦੇ ਹੀ ਹਾਂਗੁਲ ਚੇਤੰਨ ਹੋ ਜਾਂਦਾ ਹੈ ਅਤੇ ਮੂੰਹ ਵਿਚੋਂ ਇਕ ਅਨੋਖੀ ਤਰ੍ਹਾਂ ਦੀ ਆਵਾਜ਼ ਕੱਢ ਕੇ ਆਪਣੇ ਸਾਥੀਆਂ ਨੂੰ ਵੀ ਸਾਵਧਾਨ ਕਰ ਦਿੰਦਾ ਹੈ।

❑ ਕਿਸ਼ਨਲਾਲ ਸ਼ਰਮਾ

# ਹੋਂਦ



''ਪਾਣੀ ਨਾ ਪੀਣਾ''। ਪਸ਼ੂਆਂ ਨੂੰ ਪਾਣੀ ਪੀਣ ਲਈ ਝੁਕਦਾ ਵੇਖ ਕੇ ਨਦੀ ਚਿਲਾਈ।

''ਕਿਉਂ?'' ਇਕ ਪਸ਼ੂ, ''ਬੋਲਿਆ, ''ਸਾਨੂੰ ਪਿਆਸ ਲੱਗੀ ਹੈ। ਤੂੰ ਸਾਨੂੰ ਪਾਣੀ ਪੀਣ ਤੋਂ ਕਿਉਂ ਰੋਕ ਰਹੀ ਹੈ?''

''ਇਸ ਪਾਣੀ ਨੂੰ ਪੀ ਕੇ ਤੁਸੀਂ ਮਰ ਜਾਓਗੇ''

''ਕਿਹੋ ਜਿਹੀਆਂ ਬਹਿਕੀਆਂ-ਬਹਿਕੀਆਂ ਗੱਲਾਂ ਕਰ ਰਹੀ ਹੋ।'' ਦੂਸਰਾ ਪਸ਼ੂ ਬੋਲਿਆ, ''ਪਾਣੀ ਪੀ ਕੇ ਕੋਈ ਮਰਦਾ ਹੈ।''

''ਤੁਸੀਂ ਬਿਲਕੁਲ ਠੀਕ ਕਹਿ ਰਹੇ ਹੋ। ਪਾਣੀ ਪੀ ਕੇ ਕੋਈ ਨਹੀਂ ਮਰਦਾ।'' -ਨਦੀ ਬੋਲੀ, ''ਲੇਕਿਨ ਮੇਰੇ ਇਸ ਪਾਣੀ ਨੂੰ ਪੀ ਕੇ ਤੁਸੀਂ ਮਰ ਜਾਓਗੇ ਕਿਉਂਕਿ ਇਸ ਵਿੱਚ ਜਹਿਰ ਮਿਲਿਆ ਹੈ।''

''ਤੂੰ ਐਨੀ ਨਿਰਦਈ ਕਦੋਂ ਤੋਂ ਹੋ ਗਈ? ਨਦੀ ਤਾਂ ਲੋਕਾਂ ਦੀ ਪਿਆਸ ਬੁਝਾਉਂਦੀ ਹੈ ਅਤੇ ਤੂੰ ਸਾਨੂੰ ਆਪਣਾ ਪਾਣੀ ਪੀਣ ਤੋਂ ਰੋਕਣ ਲਈ ਇਸ ਵਿੱਚ ਜ਼ਹਿਰ ਮਿਲਾ ਦਿਤਾ।''

ਤੀਸਰਾ ਪਸ਼ੂ ਨਾਰਾਜ਼ ਹੁੰਦੇ ਹੋਏ ਬੋਲਿਆ।

''ਮੈਂ ਆਪਣੇ ਪਾਣੀ ਵਿੱਚ ਜ਼ਹਿਰ ਨਹੀਂ ਮਿਲਾਇਆ। ਮੇਰਾ ਤਾਂ ਕੰਮ ਹੈ ਪਿਆਸਿਆਂ ਦੀ ਪਿਆਸ ਬੁਝਾਉਣਾ। ਮੈਂ ਤਾਂ ਸਾਫ਼-ਨਿਰਮਲ-ਪਵਿੱਤਰ ਪਾਣੀ ਰੱਖਦੀ ਹਾਂ।''

''ਫਿਰ ਤੁਹਾਡੇ ਪਾਣੀ ਵਿੱਚ ਜ਼ਹਿਰ ਕਿਸ ਨੇ ਮਿਲਾਇਆ?''

ਚੌਥੇ ਪਸ਼ੂ ਨੇ ਪੁੱਛਿਆ।

''ਆਦਮੀ ਨੇ।''

''ਆਦਮੀ ਨੇ! ਕਿਉਂ?'' ਸਾਰੇ ਪਸ਼ੂ ਇੱਕਠੇ ਬੋਲੇ।

''ਆਦਮੀ ਨੇ ਮੇਰੇ ਕਿਨਾਰੇ ਕਾਰਖਾਨੇ ਖੜੇ ਕਰ ਦਿੱਤੇ ਹਨ। ਉਹਨਾਂ ਵਿਚੋਂ ਵੇਸਟ ਪਦਾਰਥ ਮੇਰੇ ਵਿੱਚ ਛੱਡਿਆ ਜਾ ਰਿਹਾ ਹੈ, ਜਿਸ ਨਾਲ ਮੇਰਾ ਪਾਣੀ ਜ਼ਹਿਰੀਲਾ ਹੋ ਗਿਆ ਹੈ। ਪੀਣ ਯੋਗ ਨਹੀਂ ਰਿਹਾ ਹੈ, ''ਤੁਸੀ ਅਗਰ ਮੇਰੇ ਪਾਣੀ ਨੂੰ ਪੀਓਗੇ ਤਾਂ ਮਰ ਜਾਓਗੇ।''

ਨਦੀ ਦੀ ਗੱਲ ਸੁਣ ਕੇ ਪਸ਼ੂ ਸੋਚਣ ਲਗੇ। ਆਦਮੀ ਹਵਾ ਪਾਣੀ ਨੂੰ ਦੂਸ਼ਿਤ ਕਰਕੇ ਦੂਸਰੇ ਜੀਵਾਂ ਦਾ ਹੀ ਨਹੀਂ, ਆਪਣੀ ਹੋਂਦ ਨੂੰ ਵੀ ਖਤਰੇ ਵਿੱਚ ਪਾ ਰਿਹਾ ਹੈ। ■



❑ ਕਿਰਣ ਬਾਲਾ

# ਪਾਣੀ ਨਾਲ ਬਣੇਗਾ ਡੀਜਲ

ਕਾਰ ਚਲਾਉਣ ਲਈ ਮਹਿੰਗੇ ਡੀਜਲ ਦੀ ਲੋੜ ਹੁੰਦੀ ਹੈ। ਇਸ ਦੀਆਂ ਕੀਮਤਾਂ ਵੀ ਵਧਦੀਆਂ ਰਹਿੰਦੀਆਂ ਹਨ। ਇਸ ਵਿੱਚ ਤੁਸੀਂ ਸੋਚਦੇ ਹੋਵੋਗੇ ਕਿ ਕਾਸ਼! ਕਾਰ ਡੀਜ਼ਲ ਦੀ ਥਾਂ ਪਾਣੀ ਨਾਲ ਚਲਦੀ ਤਾਂ ਕਿੰਨਾ ਚੰਗਾ ਹੁੰਦਾ। ਵਿਗਿਆਨਕਾਂ ਨੇ ਇਕ ਇਹੋ ਜਿਹੀ ਤਕਨੀਕ ਬਣਾਈ ਹੈ ਜਿਸ ਨਾਲ ਪਾਣੀ ਤੋਂ ਡੀਜ਼ਲ ਬਣਾਇਆ ਜਾ ਸਕਦਾ ਹੈ ਅਤੇ ਇਸ ਡੀਜ਼ਲ ਨਾਲ ਤੁਹਾਡੀ ਕਾਰ ਤੇਜ਼ੀ ਨਾਲ ਸੜਕਾਂ ਦੇ ਦੌੜੇਗੀ। ਕਾਰ ਬਣਾਉਣ ਵਾਲੀ ਜਰਮਨ ਕੰਪਨੀ ਓਡੀ ਨੇ ਹੁਣ ਪਾਣੀ ਤੋਂ ਡੀਜ਼ਲ ਬਣਾਉਣਾ ਸ਼ੁਰੂ ਕਰ ਦਿਤਾ ਹੈ। ਇਸ ਡੀਜ਼ਲ ਨੂੰ ਕੰਪਨੀ ਨੇ 'ਓਡੀ ਈ ਡੀਜ਼ਲ' ਦਾ ਨਾਂ ਦਿਤਾ ਜਿਸ ਨੂੰ ਕਾਰਾਂ ਵਿੱਚ ਡੀਜ਼ਲ ਦੇ ਰੂਪ ਵਿਚ ਕੰਮ ਲਿਆਇਆ ਜਾ ਸਕਦਾ ਹੈ। ਓਡੀ ਈ ਡੀਜ਼ਲ ਵਿੱਚ ਸਲਫਰ ਅਤੇ ਏਯਰੋਮੇਟਿਕ ਹਾਈਡ੍ਰੋਕਾਰਬਨ ਵਰਗੇ ਤੱਤ ਨਹੀਂ ਹਨ। ਇਸ ਨਾਲ ਵਾਤਾਵਰਣ ਨੂੰ ਵੀ ਕੋਈ ਨੁਕਸਾਨ ਨਹੀਂ ਪਹੁੰਚੇਗਾ।

ਓਡੀ ਨੇ ਈ-ਡੀਜ਼ਲ ਬਣਾਉਣ ਦਾ ਕੰਮ ਜਰਮਨੀ ਦੇ ਡ੍ਰੇਸਡੇਨ ਵਿੱਚ ਬਣੇ ਆਪਣੇ ਪਲਾਂਟ ਵਿੱਚ ਸ਼ੁਰੂ ਕੀਤਾ। ਇਸ ਪਲਾਂਟ ਵਿੱਚ ਲੀਕਵਡ ਡੀਜ਼ਲ ਬਣਾਉਣ ਲਈ ਗ੍ਰੀਨ ਪਾਵਰ ਦਾ ਇਸਤੇਮਾਲ ਕੀਤਾ ਜਾਂਦਾ ਹੈ ਜਿਸ ਵਿੱਚ ਪਾਣੀ, ਹਵਾ ਅਤੇ ਕਾਰਬਨ-ਡਾਈ-ਆਕਸਾਈਡ ਸ਼ਾਮਿਲ ਹਨ। ਪਲਾਂਟ ਵਿੱਚ ਕਾਰਬਨ-ਡਾਈ-ਆਕਸਾਈਡ ਬਾਯੋਗੈਸ ਪ੍ਰਕ੍ਰਿਆ ਦਾ ਮਾਧਿਅਮ ਹੈ। ਪਾਣੀ ਨੂੰ ਇਕ ਟੈਂਕ ਵਿੱਚ ਗਰਮ ਕਰਕੇ ਉਸ ਨੂੰ ਭਾਫ ਵਿੱਚ ਬਦਲਿਆ ਜਾ ਸਕਦਾ ਹੈ। ਇਸ ਨਾਲ ਉਹ ਹਾਈਡ੍ਰੋਜਨ ਅਤੇ ਆਕਸੀਜਨ ਦੇ ਰੂਪ ਵਿੱਚ ਵੱਖ ਹੋ ਜਾਂਦਾ ਹੈ। ਹਾਈਡ੍ਰੋਜਨ ਨੂੰ ਕਾਰਬਨ-ਡਾਈ-ਆਕਸਾਈਡ ਦੇ ਇਕ ਗਰਮ ਟੈਂਕ ਵਿਚੋਂ ਕੱਢਿਆ ਜਾਂਦਾ ਹੈ। ਇਸ ਨਾਲ ਨਿਕਲਣ ਵਾਲਾ ਪਦਾਰਥ ਲੀਕਵਡ (ਤਰਲ) ਰੂਪ ਵਿੱਚ ਮਿਲਦਾ ਹੈ। ਜਿਸ ਨੂੰ ਦੂਜੇ ਟੈਂਕ ਵਿੱਚ ਇੱਕਠਾ ਕੀਤਾ ਜਾਂਦਾ ਹੈ। ਇਹ ਬਲਿਊ ਕਰੂਡ ਹੁੰਦਾ ਹੈ। ਬਲਿਊ ਕਰੂਡ ਨੂੰ ਫਿਲਟਰ ਕਰਕੇ ਪੈਟਰੋਲ ਪੰਪ ਵਿੱਚ ਪਾ ਦਿਤਾ ਜਾਂਦਾ ਹੈ ਜਿਸ ਤੋਂ ਡੀਜ਼ਲ ਦੇ ਰੂਪ ਵਿੱਚ ਕੰਮ ਲਿਆ ਜਾਂਦਾ ਹੈ। ■

## ਸਧਾਰਣ ਗਿਆਨ ਪ੍ਰਸ਼ਨੋਤਰੀ ਦੇ ਉੱਤਰ


1) ਕਸ਼ਮੀਰੀ
2) ਗੋਦਾਵਰੀ
3) ਵੀ.ਵੀ ਗਿਰੀ
4) ਬੰਦਰਸੇਰੀ
5) ਗਾਂਧਾਰੀ
6) ਪੁਰੀ
7) ਸੀ. ਰਾਜਗੋਪਾਲਾਚਾਰੀ
8) ਜਨਵਰੀ
9) ਸ਼ਬਰੀ
10) ਪਾਵਾਪੁਰੀ
11) ਕਰਣਮ ਭਲੇਸ਼ਵਰੀ
12) ਮਣੀਪੁਰੀ
13) ਮੇਰੀ ਕਿਊਰੀ
14) ਕੰਨਿਆ ਕੁਮਾਰੀ
15) ਮੀਨਾ ਕੁਮਾਰੀ

ਪ੍ਰਿਤਪਾਲ ਢਿੱਲੋਂ


# ਸ਼ਹਿਦ ਦੀ ਮੱਖੀ



ਮੈਨੂੰ ਕਹਿਣ ਸ਼ਹਿਦ ਦੀ ਮੱਖੀ।
ਕਿਸੇ ਦੀ ਮੈਂ ਪਰਵਾਹ ਨਹੀਂ ਰੱਖੀ।
ਲਾਲ ਭੂਰਾ ਜਿਹਾ ਰੰਗ ਹੈ ਮੇਰਾ।
ਸੂਈ ਤੋਂ ਤਿੱਖਾ ਡੰਗ ਹੈ ਮੇਰਾ।
ਆਪਣੀ ਕਰਾਂ ਪੂਰੀ ਰਖਵਾਲੀ।
ਮੇਰਾ ਵਾਰ ਨਾ ਜਾਂਦਾ ਖਾਲੀ।
ਛੱਤੇ ਤੇ ਮੈ ਘਰ ਬਣਾਂਵਾ।
ਉਸੇ ਵਿਚ ਦਿਨ ਰਾਤ ਬਿਤਾਵਾਂ।



ਫੁੱਲਾਂ ਵੱਲ ਹਰਦਮ ਮੇਰਾ ਫੇਰਾ।
ਫੁੱਲ-ਫੁੱਲ ਤੇ ਰੁਜ਼ਗਾਰ ਹੈ ਮੇਰਾ।
ਮਿਹਨਤ ਕਰਨੀ ਮੈ ਸਿਖਾਵਾਂ।
ਏਕੇ ਦੀ ਵੀ ਗੱਲ ਸਮਝਾਵਾਂ।
ਜੱਗ ਤੇ ਮੇਰੀ ਹੋਂਦ ਜੇ ਮੁੱਕ ਜਾਊ।
ਬੰਦੇ ਲਈ ਫਿਰ ਸ਼ਹਿਦ ਵੀ ਮੁੱਕ ਜਾਊ।
ਭਾਵੇਂ ਲੋਕੀ ਮੈਥੋਂ ਡਰਦੇ।
ਫਿਰ ਵੀ 'ਢਿੱਲੋਂ' ਕਦਰ ਨੇ ਕਰਦੇ।





❑ ਡਾ: ਵਿਨੋਦ ਗੁਪਤਾ

# ਜਾਨਵਰ ਆਪਣੇ ਘਰ ਦਾ ਰਾਹ ਕਦੇ ਨਹੀਂ ਭੁਲਦੇ

**ਕੁਦਰਤ** ਨੇ ਧਰਤੀ ਤੇ ਇਨਸਾਨ ਤੋਂ ਇਲਾਵਾ ਤਰ੍ਹਾਂ-2 ਦੇ ਜਾਨਵਰ ਵੀ ਪੈਦਾ ਕੀਤੇ ਹਨ, ਜਿਨ੍ਹਾਂ ਦੇ ਕੋਲ ਨਾ ਤਾਂ ਇਨਸਾਨਾਂ ਵਰਗਾ ਦਿਮਾਗ ਹੈ, ਨਾ ਹੀ ਸਮਝ ਅਤੇ ਨਾ ਹੀ ਉਹਨਾਂ ਦੀ ਆਪਣੀ ਕੋਈ ਭਾਸ਼ਾ। ਇਹਨਾਂ ਸਾਰਿਆਂ ਦੇ ਬਾਵਜੂਦ ਉਹਨਾਂ ਵਿੱਚ ਇਕ ਖਾਸੀਅਤ ਹੈ। ਉਹ ਇਹ ਹੈ ਕਿ ਉਹ ਆਪਣੇ ਘਰ ਦਾ ਰਾਹ ਕਦੇ ਨਹੀਂ ਭੁਲਦੇ। ਉਹਨਾਂ ਨੂੰ ਭਾਵੇਂ ਕਿੰਨੀ ਵੀ ਦੂਰ ਛੱਡ ਆਉ, ਉਹ ਵਾਪਸ ਉਥੇ ਹੀ ਆ ਜਾਣਗੇ ਜਿਥੋਂ ਉਹ ਗਏ ਸੀ। ਆਖਿਰ ਕੀ ਹੈ ਉਹਨਾਂ ਦੀ ਖਾਸੀਅਤ ਦਾ ਰਾਜ?

ਜਾਨਵਰ ਦੋ ਤਰ੍ਹਾਂ ਦੇ ਹੁੰਦੇ ਹਨ ਜੰਗਲੀ ਅਤੇ ਪਾਲਤੂ। ਜੋ ਜਾਨਵਰ ਜੰਗਲਾਂ ਵਿੱਚ ਰਹਿੰਦੇ ਹਨ ਉਹਨਾਂ ਦਾ ਵੀ ਆਪਣਾ ਰਹਿਣ ਦਾ ਠਿਕਾਣਾ ਜਾਂ ਘਰ ਹੁੰਦਾ ਹੈ ਜਿਥੇ ਉਹ ਆ ਕੇ ਆਰਾਮ ਕਰਦੇ ਹਨ। ਇਸੇ ਤਰ੍ਹਾਂ ਜੋ ਜਾਨਵਰ ਪਾਲਤੂ ਹੁੰਦੇ ਹਨ, ਉਹਨਾਂ ਨੂੰ ਭਾਵੇਂ ਤੁਸੀਂ ਖੁੱਲ੍ਹਾ ਛੱਡ ਦਿਓ ਉਹ ਸ਼ਾਮ ਹੁੰਦੇ ਹੀ ਆਪਣੇ ਮਾਲਿਕ ਦੇ ਘਰ ਵਾਪਸ ਆ ਜਾਂਦੇ ਹਨ। ਆਖਿਰ ਕਿਉਂ ਨਹੀਂ ਭੁੱਲਦੇ ਜਾਨਵਰ ਆਪਣੇ ਘਰ ਦਾ ਰਾਹ?

ਪੰਛੀਆਂ ਵਿੱਚ ਵੀ ਇਹ ਗੁਣ ਹੁੰਦਾ ਹੈ ਕਿ ਉਹ ਹਨ੍ਹੇਰਾ ਹੋਣ ਤੇ ਆਪਣੇ ਸੁਰੱਖਿਅਤ ਥਾਂ ਤੇ ਵਾਪਸ ਆ ਜਾਂਦੇ ਹਨ। ਕਦੇ ਰਾਹ ਨਹੀਂ ਭੁਲਦੇ। ਭਾਵੇਂ ਉਹਨਾਂ ਨੂੰ ਫੜ ਕੇ ਕਿੰਨੀ ਦੂਰ ਛੱਡ ਆਓ। ਉਹ ਵਾਪਸ ਆਪਣੇ ਮੂਲ ਥਾਂ ਤੇ ਆ ਜਾਂਦੇ ਹਨ। ਇਹ ਇਕ ਆਮ ਗੱਲ ਹੈ ਕਿ ਕਿਸਾਨ ਜਾਂ ਪਸ਼ੂਪਾਲਕ ਆਪਣੇ ਪਸ਼ੂਆਂ ਖਾਸਤੌਰ ਤੇ ਗਾਂ, ਮੱਝਾਂ, ਬੱਕਰੀਆਂ ਆਦਿ ਨੂੰ ਚਰਨ ਲਈ ਖੁਲ੍ਹਾ ਛੱਡ ਦੇਂਦੇ ਹਨ। ਇਹ ਪਸ਼ੂ ਨਿਰਧਾਰਿਤ ਸਮੇਂ ਤੇ ਆਪਣੇ ਵਾੜੇ ਜਾਂ ਘਰ ਵਾਪਸ ਆ ਜਾਂਦੇ ਹਨ। ਇਹਨਾਂ ਨੂੰ ਰਾਹ ਦੱਸਣ ਦੀ ਲੋੜ ਨਹੀਂ ਪੈਂਦੀ।

ਪਾਲਤੂ ਕੁੱਤੇ, ਬਿੱਲੀਆਂ, ਖਰਗੋਸ਼ ਵੀ ਆਪਣੇ ਮਾਲਿਕ ਦੇ ਘਰ ਅਤੇ ਉਸ ਦਾ ਰਾਹ ਪਹਿਚਾਣਦੇ ਹਨ। ਇਹ ਕਦੇ ਨਹੀਂ ਹੁੰਦਾ ਕਿ ਤੁਹਾਡਾ ਕੁੱਤਾ ਜਾਂ ਬਿੱਲੀ ਰਾਹ ਭੁੱਲ ਗਿਆ ਹੋਵੇ। ਕੁਝ ਸਮੇਂ ਪਹਿਲਾਂ ਅਮਰੀਕਾ ਦਾ ਇਕ ਕੁੱਤਾ ਇਸਲਈ ਮਸ਼ਹੂਰ ਰਿਹਾ ਕਿ ਉਸਦੀ ਮਾਲਕਿਨ ਨੇ ਉਸ ਨੂੰ ਦੂਜੇ ਸ਼ੈਲਟਰ ਹੋਮ ਵਿੱਚ ਭੇਜ ਦਿੱਤਾ ਸੀ, ਪਰ ਕੁੱਤਾ 17 ਕਿਲੋਮੀਟਰ ਦੂਰੋਂ ਭੱਜ ਕੇ ਵਾਪਸ ਉਹਨਾਂ ਕੋਲ ਆ ਗਿਆ। ਜਦੋਂ ਉਸ ਨੂੰ ਲੈ ਕੇ ਗਏ ਸੀ ਤਾਂ ਉਹ ਕਾਰ ਵਿੱਚ ਸਵਾਰ ਸੀ ਅਤੇ ਪਹਿਲਾਂ ਕਦੇ ਵੀ ਉਸ ਰਾਹ ਉਤੇ ਨਹੀਂ ਗਿਆ ਸੀ।

ਆਖਿਰ ਜਾਨਵਰਾਂ ਵਿੱਚ ਇਹੋ ਜਿਹੀ ਕਿਹੜੀ ਸ਼ਕਤੀ ਹੁੰਦੀ ਹੈ, ਜੋ ਉਹ ਭਾਸ਼ਾ, ਮੈਪ, ਜੀ ਪੀ ਐਸ ਜਾਂ ਨੇਵੀਗੇਸ਼ਨ ਸਿਸਟਮ ਤੋਂ ਬਿਨਾਂ ਵੀ ਰਾਹ ਯਾਦ ਰੱਖਦੇ ਹਨ। ਖਾਸ ਕਰਕੇ ਆਪਣੇ ਘਰ ਦਾ।

ਅੱਜ ਤੋਂ ਕੋਈ ਦੋ ਸਾਲ ਪਹਿਲਾਂ ਤਾਂ ਇਕ ਬਿੱਲੀ 320 ਕਿਲੋਮੀਟਰ ਦਾ ਲੰਮਾ ਸਫਰ ਤੈਅ ਕਰਕੇ ਆਪਣੇ ਮਾਲਿਕ ਦੇ ਕੋਲ ਪਹੁੰਚੀ। ਹਾਲਾਂਕਿ ਉਸਨੂੰ ਐਨੀ ਦੂਰੀ ਤੈਅ ਕਰਨ ਵਿੱਚ ਦੋ ਮਹੀਨੇ ਦਾ ਸਮਾਂ ਲੱਗਾ। ਜਾਨਵਰਾਂ ਦੀ ਇਸ ਖਾਸੀਅਤ ਨੂੰ ਲੈ ਕੇ ਵਿਗਿਆਨਕਾਂ ਨੇ ਅਨੇਕਾਂ ਖੋਜਾਂ ਕੀਤੀਆਂ



ਹਨ, ਫਿਰ ਵੀ ਇਹ ਗੁੱਥੀ ਨਹੀਂ ਸੁਲਝੀ। ਕੁਝ ਵਿਗਿਆਨਿਕਾਂ ਦਾ ਕਹਿਣਾ ਹੈ ਕਿ ਜਾਨਵਰਾਂ ਦਾ 'ਨੇਚੁਰਲ ਮੈਪ' ਉਹਨਾਂ ਦੀ ਪ੍ਰਜਾਤੀ ਉਤੇ ਨਿਰਭਰ ਕਰਦਾ ਹੈ। ਜਿਵੇਂ ਸਮੁੰਦਰੀ ਜਾਨਵਰ ਆਪਣਾ ਰਾਹ ਸੂਰਜ ਅਤੇ ਤਾਰਿਆਂ ਦੇ ਹਿਸਾਬ ਨਾਲ ਤੈਅ ਕਰਦੇ ਹਨ।

ਕੁਝ ਵਿਗਿਆਨਕਾਂ ਦਾ ਮੰਨਣਾ ਹੈ ਕਿ ਜਾਨਵਰ ਮੈਗਨੇਟਿਕ ਫੀਲਡ ਦੇ ਹਿਸਾਬ ਨਾਲ ਆਪਣਾ ਰਾਹ ਤੈਅ ਕਰਦੇ ਹਨ। ਉਹ ਪ੍ਰਿਥਵੀ ਦੀ ਮੈਗਨੇਟਿਕ ਫੀਲਡਸ ਨਾਰਥ-ਸਾਊਥ ਲਾਈਂਸ ਦੇ ਹਿਸਾਬ ਨਾਲ ਨੇਵੀਗੇਟ ਕਰਨ ਲਗਦੇ ਹਨ। ਛੋਟੇ ਕਛੂਕੰਮਿਆਂ ਉਤੇ ਹੋਏ ਇਕ ਅਧਿਐਨ ਵਿੱਚ ਇਹ ਸਾਬਿਤ ਹੋ ਚੁੱਕਿਆ ਹੈ।

ਕਬੂਤਰ ਵੀ ਇੰਝ ਹੀ ਨੇਵੀਗੇਟ ਕਰਦੇ ਹਨ। ਮੰਨਿਆ ਜਾਂਦਾ ਹੈ ਕਿ ਉਹਨਾਂ ਦੀ ਚੁੰਝ ਵਿੱਚ ਵੀ ਕੁਝ ਇਹੋ ਜਿਹੀਆਂ ਕੋਸ਼ਿਕਾਵਾਂ ਹੁੰਦੀਆਂ ਹਨ। ਜਿਨ੍ਹਾਂ ਵਿੱਚ ਆਇਰਨ (ਲੋਹਾ) ਦੀ ਮਾਤਰਾ ਜ਼ਿਆਦਾ ਹੁੰਦੀ ਹੈ। ਇਸ ਨਾਲ ਉਹਨਾਂ ਨੂੰ ਰਾਹ ਦਾ ਪਤਾ ਲਗਾਉਣ ਵਿੱਚ ਮਦਦ ਮਿਲਦੀ ਹੈ।

ਥਣਧਾਰੀ ਜਾਨਵਰ, ਖਾਸ ਕਰਕੇ ਕੁੱਤੇ-ਬਿੱਲੀਆਂ ਕਈ ਤਰ੍ਹਾਂ ਦੇ ਨੇਵੀਗੇਟ ਕਰਨ ਦੀ ਸਮਰੱਥਾ ਰੱਖਦੇ ਹਨ। ਜਿਵੇਂ ਕੁੱਤਿਆਂ ਵਿੱਚ ਸੁੰਘਣ ਦੀ ਸ਼ਕਤੀ ਜ਼ਿਆਦਾ ਹੁੰਦੀ ਹੈ। ਇਸ ਲਈ ਉਹ ਆਸਾਨੀ ਨਾਲ ਰਾਹ ਪਛਾਣ ਲੈਂਦੇ ਹਨ। ਕਿਸੇ ਕੁੱਤੇ ਦੇ ਲਈ 15-20 ਕਿਲੋਮੀਟਰ ਲੰਮਾ ਰਾਹ ਯਾਦ ਰੱਖਣਾ ਕੋਈ ਵੱਡੀ ਗੱਲ ਨਹੀਂ ਹੈ। ਉਹ ਖੁਦ ਆਪਣੀ ਹੀ ਗੰਧ ਦਾ ਪਿੱਛਾ ਕਰਦੇ ਹੋਏ ਵਾਪਸ ਆ ਸਕਦੇ ਹਨ।

ਬਿੱਲੀ ਵੀ ਮੈਗਨੇਟਿਕ ਫੀਲਡ ਦੇ ਹਿਸਾਬ ਨਾਲ ਚਲਦੀ ਹੈ। ਕਈ ਖੋਜਾਂ ਵਿੱਚ ਇਹ ਸਾਬਿਤ ਵੀ ਹੋਇਆ ਹੈ ਕਿ ਥਣਧਾਰੀ ਜਾਨਵਰਾਂ ਦੇ ਕੰਨਾਂ ਵਿੱਚ ਆਇਰਨ (ਲੋਹਾ) ਹੁੰਦਾ ਹੈ। ਇਸੇ ਦੀ ਮਦਦ ਨਾਲ ਇਹ ਜਾਨਵਰ ਚੁੰਬਕੀਏ ਇਲਾਕੇ ਦੇ ਹਿਸਾਬ ਨਾਲ ਰਾਹ ਤੈਅ ਕਰਦੇ ਹਨ।



# ਰੰਗ ਭਰੋ





ਨਾਂ ................................................................ਉਮਰ..........

ਪੂਰਾ ਪਤਾ.................................................................................

.......................................................................................................

.......................................................................................................



☞ ਸੁਰਜੀਤ ਦੇਵਲ

# ਫੁੱਲ ਗੁਲਾਬ ਦਾ

ਮੈਂ ਖਿੜਿਆ ਫੁੱਲ ਗੁਲਾਬ ਦਾ
ਖਾਰਾਂ ਤੋਂ ਬੇਪਰਵਾਹ।
ਮੈਨੂੰ ਰੂਪ ਖੁਦਾ ਨੇ ਬਖਸ਼ਿਆ,
ਉਹਦਾ ਕਰਾਂ ਮੈਂ ਸ਼ੁਕਰ ਅਦਾ।
ਮੈਨੂੰ ਦੇ ਕੇ ਖਿਤਾਬ ਨਵਾਜ਼ਿਆ
ਫੁੱਲਾਂ ਦੇ ਰਾਜੇ ਦਾ।
ਮੈਂ ਮਹਿਕਾਂ ਵੰਡਦਾ ਜੱਗ ਨੂੰ,
ਮਜ਼੍ਹਬ ਧਰਮ ਦਾ ਭੇਦ ਭੁਲਾ।
ਮੇਰੀ ਹਿੱਕ ਤੇ ਭੌਰੇ, ਤਿਤਲੀਆਂ,
ਅਠਖੇਲੀਆਂ ਕਰਦੇ ਆ।
ਪੀਣ ਰਸ ਆ ਮਾਖਿਉ ਮੱਖੀਆਂ,
ਰੱਖਾਂ ਸੀਨੇ ਦੇ ਨਾਲ ਲਾ।
ਕੋਮਲ ਨੇ ਮੇਰੀਆਂ ਪੱਤੀਆਂ,
ਰੰਗੀਆਂ ਕਾਦਰ ਰੀਝ ਲਗਾ।
ਕੋਈ ਤੋੜ ਫੁੱਲਾਂ ਦੀਆਂ ਪੱਤੀਆਂ,
ਲੈਂਦਾ ਗੁਲਾਬਕੰਦ ਬਣਾ।
ਕੋਈ ਰੋਗ ਅੱਖਾਂ ਦਾ ਤੋੜਦਾ,
ਮੇਰਾ ਅਰਕ ਅੱਖਾਂ ਵਿਚ ਪਾ।
ਮੈਂ ਰੋਗ ਸੰਚਾਰ ਕਈ ਰੋਕਦਾ
ਸ਼ੁੱਧ ਵਾਤਾਵਰਣ ਬਣਾ।
'ਦੇਵਲ' ਦੇਵਾਂ ਮਨਾਂ ਨੂੰ ਤਾਜ਼ਗੀ,
ਜਿਹੜੇ ਵੇਖਦੇ ਮੇਰੇ ਵੱਲ ਆ।
ਮੈਂ ਕਰਦਾ ਰਹਾਂ ਸੇਵਾ ਜੱਗ ਦੀ,
ਤੁਸੀਂ ਸਾਰੇ ਕਰੋ ਦੁਆ।

# ਸਤੰਬਰ ਅੰਕ ਦੀ ਰੰਗ ਭਰੋ ਪ੍ਰਤਿਯੋਗਤਾ ਦਾ ਨਤੀਜਾ

**ਪਹਿਲਾ ਨੰ :**

ਗੁਰਲਾਲ ਅਤੇ ਹਰਪ੍ਰੀਤ
(ਉਮਰ 6 ਤੇ 8 ਸਾਲ)
ਪਿੰਡ ਤੇ ਡਾਕਖਾਨਾ - ਹੀਰੋਂ ਖੁਰਦ
ਜਿਲਾ - ਮਾਨਸਾ (ਪੰਜਾਬ)

**ਦੂਸਰਾ ਨੰ :**

ਪ੍ਰਭਦੀਪ ਕੌਰ (ਉਮਰ 7 ਸਾਲ)
ਪਿੰਡ ਤੇ ਡਾਕਖਾਨਾ - ਗਿੱਦੜਬਾਹਾ
ਜ਼ਿਲਾ - ਸ਼੍ਰੀ ਮੁਕਤਸਰ ਸਾਹਿਬ (ਪੰਜਾਬ)

**ਤੀਸਰਾ ਨੰ :**

ਪਵਨਦੀਪ ਸਿੰਘ
ਪਿੰਡ ਤੇ ਡਾਕਖਾਨਾ - ਬੁਤਾਲਾ
ਜ਼ਿਲਾ ਅੰਮ੍ਰਿਤਸਰ (ਪੰਜਾਬ)

## ਪਸੰਦ ਕੀਤੇ ਗਏ -

ਵੰਸ਼ਿਕਾ (ਬੁਢਲਾਡਾ),
ਵਿਧਿਤ ਬਜਾਜ (ਖੁਸ਼ਹਾਲ ਪੁਰ),
ਸਿਮਰਨ ਕੌਰ (ਧਰਮਪੁਰਾ),
ਹੈਵਨਸੁਮਨ (ਫਗਵਾੜਾ),
ਨਿਤਿਨ ਕੰਡਾ (ਤਲਵੰਡੀ ਭਾਈ),
ਅਸ਼ਰਿਤ ਖੁਰਾਨਾ (ਜਲੰਧਰ),
ਮੋਹਿਤ (ਤਲਵੰਡੀ ਭਾਈ),
ਸਿਮਰਨਜੀਤ (ਭਾਦਲਾ ਨੀਚਾ),
ਯਸ਼ਿਕਾ (ਡੇਰਾ ਬਾਬਾ ਨਾਨਕ),
ਸੁਨੀਤਾ (ਨਵਾਂ ਸ਼ਹਿਰ),
ਸ਼ੁਭਮ (ਪੁਰਹੀਰਾ),
ਭਵਿਤਾ (ਚਵਿੰਡਾਦੇਵੀ),
ਸੁਖਪ੍ਰੀਤ ਸਿੰਘ (ਮਾਨਸਾ),
ਜਸਨੂਰਪ੍ਰੀਤ (ਜਗਰਾਉਂ),
ਏਕਤਾ (ਹਰੀਕੇ ਪੱਤਣ),
ਸਰਬਜੀਤ ਕੌਰ (ਜਗਰਾਉਂ)।




## ਨਵੰਬਰ ਅੰਕ ਦੀ ਰੰਗ ਭਰੋ ਪ੍ਰਤਿਯੋਗਤਾ

ਪਿਛਲੇ ਸਫ਼ੇ ਤੇ ਇਕ ਚਿੱਤਰ ਦਿੱਤਾ ਗਿਆ ਹੈ। ਇਸ ਚਿੱਤਰ 'ਚ ਸੋਹਣੇ-ਸੋਹਣੇ ਰੰਗ ਭਰ ਕੇ 25 ਨਵੰਬਰ 2018 ਤਕ ਸੰਪਾਦਕ, 'ਹੰਸਤੀ ਦੁਨੀਆ', ਨਿਰੰਕਾਰੀ ਕੰਪਲੈਕਸ, ਸੰਤ ਨਿਰੰਕਾਰੀ ਕਾਲੋਨੀ, ਦਿੱਲੀ-9 ਦੇ ਦਫ਼ਤਰ ਚ ਭੇਜ ਦਿਉ।

ਨਤੀਜੇ ਦੀ ਘੋਸ਼ਣਾ 'ਹੰਸਤੀ ਦੁਨੀਆ' ਦੇ ਦਸੰਬਰ 2018 ਅੰਕ 'ਚ ਕੀਤੀ ਜਾਵੇਗੀ। ਚਿੱਤਰ ਦੇ ਹੇਠਾਂ ਆਪਣਾ ਨਾਂ ਅਤੇ ਪੂਰਾ ਪਤਾ ਸਾਫ਼-ਸਾਫ਼ ਜ਼ਰੂਰ ਲਿਖੋ।

15 ਸਾਲ ਦੀ ਉਮਰ ਤਕ ਦੇ ਬੱਚੇ ਹਿੱਸਾ ਲੈ ਸਕਦੇ ਹਨ।





# ਕਰ ਭਲਾ ਹੋ ਭਲਾ

❑ ਬਹਾਦਰ ਸਿੰਘ

**ਜੰਗਲੀ** ਸ਼ੇਰ ਦੇ ਪੈਰ ਦਾ ਕੰਡਾ ਨਿਕਲਣ ਤੋਂ ਬਾਅਦ ਹੁਣ ਜ਼ਖਮ ਬਿਲਕੁਲ ਠੀਕ ਹੋ ਗਿਆ ਸੀ। ਪਰ ਕਈ ਦਿਨਾਂ ਤੋਂ ਭੁੱਖਾ ਹੋਣ ਕਾਰਨ ਹੁਣ ਫਿਰ ਉਹ ਸ਼ਿਕਾਰ ਦੀ ਤਲਾਸ਼ ਵਿਚ ਬੈਠਾ ਸੀ ਕਿ ਅਚਾਨਕ ਜੰਗਲੀ ਬਿੱਲੀ ਉਥੇ ਆ ਗਈ। ਹੁਣ ਸ਼ੇਰ ਨੇ ਬਿਲੀ ਨੂੰ ਆਪਣਾ ਸ਼ਿਕਾਰ ਬਣਾਉਣਾ ਚਾਹਿਆ ਤਾਂ ਉਹ ਬਿੱਲੀ ਬੋਲੀ, 'ਸ਼ੇਰ ਮੈ ਤੇਰੀ ਮਾਸੀ ਹਾਂ, ਮੈਂ ਸ਼ਿਕਾਰ ਦੇ ਸਾਰੇ ਗੁਣ ਤੈਨੂੰ ਸਿਖਾਏ ਹਨ ਤੂੰ ਕਿਵੇਂ ਮੇਰਾ ਸ਼ਿਕਾਰ ਕਰ ਸਕਦਾ ਹੈ? ਤੂੰ ਕੁਝ ਤਾਂ ਸ਼ਰਮ ਕਰ, ਮੇਰੇ ਵੱਲੋਂ ਕੀਤੀ ਸੇਵਾ ਦੀ ਕੁਝ ਤਾਂ ਕਦਰ ਕਰ।'ਸ਼ੇਰ ਕੁਝ ਦੇਰ ਲਈ ਸੋਚਣ ਲਗਾ ਅਤੇ ਬੋਲਿਆ, 'ਮਾਸੀ ! ਪਰ ਮੈਨੂੰ ਤਾਂ ਭੁੱਖ ਬਹੁਤ ਲੱਗੀ ਹੈ,ਦੱਸ। ਮੈਂ ਹੋਰ ਕੀ ਖਾਵਾਂ?

ਇਨੀ ਦੇਰ ਨੂੰ ਇਕ ਗਰੀਬ ਆਦਮੀ ਦਿਖਿਆ, ਉਸ ਨੂੰ ਦੇਖ ਕੇ ਬਿੱਲੀ ਖੁਸ਼ ਹੋ ਗਈ ਅਤੇ ਬੋਲੀ, ਆਹ ਦੇਖੋ ! ਉਹ ਇਕ ਆਦਮੀ ਆ ਗਿਆ, ਉਹ ਆਦਮੀ ਸ਼ੇਰ ਦੇ ਪਾਸ ਆਇਆ ਤਾਂ ਸ਼ੇਰ ਨੇ ਉਸ ਨੂੰ ਪਛਾਣ ਲਿਆ ਕਿ ਇਹ ਤਾਂ ਉਹੀ ਆਦਮੀ ਸੀ ਜਿਸਨੇ ਭਲੇ ਦਾ ਕੰਮ ਕਰ ਕੇ ਉਸ ਦੇ ਪੈਰ ਵਿਚੋਂ ਕੰਡਾ ਕਢਿਆ ਸੀ। ਸ਼ੇਰ ਨੇ ਉਸ ਨੂੰ ਨਹੀ ਮਾਰਿਆ ਸਗੋਂ ਉਸਨੂੰ ਪਿਆਰ ਕਰਨ ਲੱਗਾ। ਉਸ ਆਦਮੀ ਨੇ ਵੀ ਸ਼ੇਰ ਨੂੰ ਪਛਾਣ ਲਿਆ ਅਤੇ ਉਸਦੇ ਪੈਰ ਵੱਲ ਵੇਖਿਆ, ਪੈਰ ਹੁਣ ਬਿਲਕੁਲ ਠੀਕ ਸੀ। ਇਹ ਸਭ ਵੇਖ ਕੇ ਬਿੱਲੀ ਬਹੁਤ ਹੈਰਾਨ ਹੋਈ। ਉਹ ਕੁਝ ਪੁੱਛਣ ਹੀ ਲਗੀ ਸੀ ਕਿ ਉਸ ਦੀ ਨਜ਼ਰ ਨੇੜੇ ਟਪੂਸੀਆਂ ਮਾਰਦੀ ਆਉਂਦੀ ਇਕ ਚੂਹੀ ਤੇ ਜਾ ਪਈ। ਉਹ ਝਪਟਾ ਮਾਰ ਕੇ ਚੂਹੀ ਨੂੰ ਫੜਨ ਹੀ ਲਗੀ ਸੀ ਕਿ ਸ਼ੇਰ ਨੇ ਟੋਕਦਿਆਂ ਕਿਹਾ, ਮਾਸੀ ! ਤੂੰ ਨਹੀਂ ਜਾਣਦੀ ਇਹ ਕੌਣ ਏ, ਇਹ ਉਹੀ ਨਿਕੀ ਅਤੇ ਤਿਖੀ ਚੂਹੀ ਏ, ਜਿਸ ਨੇ ਬੜੀ ਸਮਝਦਾਰੀ ਨਾਲ, ਮੈਨੂੰ ਜਾਲ ਵਿਚ ਫਸੇ ਨੂੰ ਦੇਖ ਕੇ,





ਸਾਰਾ ਜਾਲ ਕੱਟ ਕੇ ਮੇਰੀ ਜਾਨ ਬਚਾਈ ਸੀ। ਇਸ ਦੀ ਭਲਾਈ ਲਈ ਮੈਂ ਜਾਂ ਤੂੰ ਇਸ ਨੂੰ ਮਾਰ ਨਹੀਂ ਸਕਦੇ।' ਬਿੱਲੀ ਫਿਰ ਚੁੱਪ ਕਰ ਕੇ ਬੈਠ ਗਈ। ਚੂਹੀ ਉਸ ਦੀਆਂ ਨਜ਼ਰਾਂ ਦੇ ਸਾਹਮਣੇ ਸ਼ੇਰ ਉਤੇ ਬੇਖੋਫ ਟੱਪਦੀ ਰਹੀ।

ਥੋੜੀ ਦੇਰ ਬਾਅਦ ਉਸ ਥਾਂ ਤੇ ਸ਼ਿਕਾਰੀਆਂ ਦੀ ਇਕ ਬੰਦ ਗੱਡੀ ਕਿਧਰੋਂ ਆ ਗਈ। ਸ਼ੇਰ ਨੂੰ ਬੈਠਾ ਦੇਖ ਅਤੇ ਉਸ ਪਾਸ ਖੜ੍ਹੇ ਆਦਮੀ ਨੂੰ ਦੇਖ ਉਹ ਹੈਰਾਨ ਤਾਂ ਹੋਏ ਪਰ ਆਪਣੀ ਆਦਤ ਤੋਂ ਮਜਬੂਰ ਇਕ ਸ਼ਿਕਾਰੀ ਨੇ ਸ਼ੇਰ ਦੇ ਗੋਲੀ ਮਾਰਨ ਲਈ ਆਪਣੀ ਬੰਦੂਕ ਤਾਣ ਲਈ। ਇਸ ਤੋਂ ਪਹਿਲਾਂ ਕਿ ਸ਼ਿਕਾਰੀ ਗੋਲੀ ਚਲਾਉਂਦਾ ਉਹ ਆਦਮੀ ਭੱਜ ਕੇ ਸ਼ਿਕਾਰੀਆਂ ਪਾਸ ਗਿਆ ਅਤੇ ਕਹਿਣ ਲੱਗਾ, ਸ਼ਿਕਾਰੀ ਭਰਾਵੋ ! ਇਸ ਸ਼ੇਰ ਨੂੰ ਨਾ ਮਾਰਨਾ, ਇਹ ਸ਼ੇਰ ਨਹੀਂ, ਕੋਈ ਦੇਵਤਾ ਰੂਪੀ ਆਤਮਾ ਹੈ ਜੋ ਇਕ ਭਲੇ ਇਨਸਾਨ ਤੋਂ ਵੀ ਕਿਤੇ ਉਪਰ ਹੈ। ਤੁਸੀਂ ਦੇਖਿਆ ਨਹੀਂ ਕਿਵੇ ਮੈ, ਬਿੱਲੀ ਅਤੈ ਉਹ ਚੂਹੀ ਉਸ ਪਾਸ ਬੈਠੇ ਗੱਲਾਂ ਕਰ ਰਹੇ ਹਾਂ। ਜੇ ਤੁਸੀਂ ਉਸ ਨੂੰ ਗੋਲੀ ਮਾਰੀ ਤਾਂ ਬੜਾ ਅਨਰਥ ਹੋ ਜਾਵੇਗਾ ਤੇ ਤੁਸੀਂ ਵੀ ਕਿਸੇ ਮੁ;ਸੀਬਤ ਵਿਚ ਫਸ ਜਾਵੋਗੇ। ਸ਼ਿਕਾਰੀ ਵੀ ਕਿਸੇ ਮੁਸੀਬਤ ਤੋਂ ਡਰ ਗਏ ਅਤੇ ਆਪਣੀ ਬੰਦੂਕ ਹੇਠਾਂ ਕਰ ਆਪਣੀ ਗੱਡੀ ਅੱਗੇ ਲੈ ਗਏ।

ਉਸ ਗੱਡੀ ਦੇ ਜਾਣ ਤੋਂ ਬਾਅਦ ਸ਼ੇਰ ਬਚ ਗਿਆ ਅਤੇ ਉਸ ਨੈ ਉਸ ਗਰੀਬ ਆਦਮੀ ਦਾ ਧੰਨਵਾਦ ਕਰਦੇ ਹੋਏ ਕਿਹਾ ਮੈਂ ਇਸ ਆਦਮੀ ਦਾ ਬਹੁਤ ਰਿਣੀ ਹਾਂ, ਇਸ ਨੇ ਮੇਰੀ ਖ਼ੂਬ ਸੇਵਾ ਕੀਤੀ ਅਤੇ ਮੇਰੀ ਜਾਨ ਬਚਾਈ ਹੈ। ਮੈਂ ਭੁੱਖਾ ਮਰ ਜਾਵਾਂਗਾ ਪਰ ਕਦੇ ਵੀ ਭਲਾ ਕੰਮ ਕਰਨ ਵਾਲਿਆ ਨੂੰ ਨਹੀਂ ਖਾਵਾਂਗਾ। ਇਹ ਸੁਣ ਕੇ ਬਿੱਲੀ ਅਤੇ ਚੂਹੀ ਵੀ ਬਹੁਤ ਖੁਸ਼ ਹੋਈ। ਇਸ ਲਈ ਬੱਚਿਉ ! ਇਸ ਕਹਾਣੀ ਤੋਂ ਤੁਹਾਨੂੰ ਇਹ ਸਿਖਿਆ ਮਿਲਦੀ ਹੈ ਕਿ ਕੋਈ ਵੀ ਭਲਾ ਕੰਮ ਕਰਨ ਨਾਲ ਭਲਾ ਹੀ ਮਿਲਦਾ ਹੈ, ਤਾਂ ਹੀ ਕਿਹਾ ਜਾਂਦਾ ਹੈ 'ਕਰ ਭਲਾ ਹੋ ਭਲਾ'।





# ਕਦੇ ਨਾ ਭੁੱਲੋ

- ਅਭਿਮਾਨੀ ਇਨਸਾਨ ਨੂੰ ਆਪਣੀ ਕੋਈ ਬੁਰਾਈ ਔ ਦੂਜੇ ਦੀ ਕੋਈ ਚੰਗਿਆਈ ਨਜ਼ਰ ਨਹੀਂ ਆਉਂਦੀ।

– ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ

- ਉੱਤਮ ਸਿਖਿਆ ਕਿਤੋਂ ਵੀ ਮਿਲੇ ਤਾਂ ਲੈਣ ਵਿੱਚ ਸੰਕੋਚ ਨਹੀਂ ਕਰਨਾ ਚਾਹੀਦਾ।

– ਚਾਣਕਯ

- ਦੁਨੀਆਂ ਵਿੱਚ ਸਭ ਕੁਝ ਦੁਬਾਰਾ ਮਿਲ ਸਕਦਾ ਹੈ ਪਰ ਮਾਂ-ਬਾਪ ਨਹੀਂ ਮਿਲਦੇ।

– ਸਿਸਰੋ

- ਉਹ ਵੀਰ ਨਹੀਂ ਹੈ ਜੋ ਹਜ਼ਾਰਾਂ ਨੂੰ ਜਿੱਤਦਾ ਹੈ, ਵੀਰ ਉਹ ਹੈ ਜੋ ਮਨ ਨੂੰ ਜਿੱਤਦਾ ਹੈ।

– ਗੌਤਮ ਬੁੱਧ

- ਜੋ ਬਾਣੀ ਮਨੁੱਖ ਨੂੰ ਮਨੁੱਖ ਨਾਲ ਜੋੜੇ, ਮਨੁੱਖ ਦੇ ਦਿੱਲ ਵਿੱਚ ਦੂਸਰੇ ਲਈ ਪਿਆਰ, ਭਾਈਚਾਰਾ ਅਤੇ ਨਿਮਰਤਾ ਦੀ ਭਾਵਨਾ ਉਜਾਗਰ ਕਰੇ, ਉਹੀ ਸਹੀ ਬਾਣੀ ਹੈ।

– ਰਿਗਵੇਦ

- ਜਿਥੇ ਨਿਮਰਤਾ ਨਾਲ ਕੰਮ ਨਿਕਲ ਆਏ, ਉਥੇ ਗੁੱਸਾ ਨਹੀਂ ਵਿਖਾਉਣਾ ਚਾਹੀਦਾ।
- ਤੁਸੀਂ ਕਿਸੇ ਨੂੰ ਇਕ ਵਾਰ ਮੂਰਖ ਬਣਾ ਸਕਦੇ ਹੋ, ਵਾਰ-ਵਾਰ ਨਹੀਂ।
- ਬੁੱਧੀਮਾਨ ਆਦਮੀ ਬੋਲਣ ਤੋਂ ਪਹਿਲਾ ਸੋਚਦਾ ਹੈ ਪ੍ਰੰਤੂ ਮੂਰਖ ਬੋਲਣ ਦੇ ਬਾਅਦ।

– ਪ੍ਰੇਮਚੰਦ

- ਮਨੁੱਖ ਜਿਹੋ ਜਿਹੀ ਸੰਗਤ ਵਿੱਚ ਰਹੇਗਾ, ਉਹ ਉਹੋ ਜਿਹਾ ਹੀ ਬਣ ਜਾਏਗਾ।
- ਯਾਦ ਰੱਖੋ ਕਿ ਬੀਤਿਆ ਹੋਇਆ ਸਮਾਂ ਵਾਪਿਸ ਨਹੀਂ ਆਉਂਦਾ।
- ਵਿਦਿਆ ਮਨੁੱਖ ਦਾ ਤੀਸਰਾ ਨੇਤਰ ਹੁੰਦੀ ਹੈ।

– ਵੇਦਵਿਆਸ

- ਜਦ-ਜਦ ਅਸੀਂ ਡਿਗਦੇ ਹਾਂ ਸਾਨੂੰ ਅਗੇ ਚੱਲਣ ਦਾ ਤਜ਼ੁਰਬਾ ਹੋ ਜਾਂਦਾ ਹੈ।

– ਸੁਕਰਾਤ

- ਲੋਭੀ ਮਨੁੱਖ ਦੀ ਕਾਮਨਾ ਕਦੇ ਪੂਰਣ ਨਹੀਂ ਹੁੰਦੀ।
- ਕ੍ਰੋਧ ਦੀ ਅਵਸਥਾ ਵਿੱਚ ਦਸ ਵਾਰ ਸੋਚ ਕੇ ਬੋਲੋ।

– ਡਾ: ਰਾਜਿੰਦਰ ਪ੍ਰਸਾਦ

- ਆਪਣੀ ਗਲਤੀ ਨੂੰ ਮੰਨ ਲੈਣਾ ਮਹਾਨ ਗੁਣ ਹੈ।
- ਜੋ ਸਮਾਂ ਬਰਬਾਦ ਕਰਦਾ ਹੈ, ਸਮਾਂ ਉਸਨੂੰ ਬਰਬਾਦ ਕਰ ਦਿੰਦਾ ਹੈ।

– ਡਾ: ਰਾਜਿੰਦਰ ਪ੍ਰਸਾਦ

❑ ਸੰਗ੍ਰਹਿਕਰਤਾ : ਵਿਭਾ ਵਰਮਾ



❑ ਭੀਮ ਸੈਨ

# ਬੁਝਾਰਤਾਂ

1. ਆਪ ਖੜਿਆ ਧੁੱਪੇ,
ਦੂਜਿਆਂ ਨੂੰ ਦਿੰਦਾ ਛਾਂ।
ਬੱਚਿਓ ਇਹ ਬੁੱਝਿਓ ਤਾਂ

2. ਦੂਜਿਆਂ ਨੂੰ ਰੋਸ਼ਨੀ ਦਿੰਦੀ,
ਆਪ ਸੜੇ, ਪਾਣੀ ਨਹੀਂ ਪੀਂਦੀ।

3. ਚਾਰ ਲੱਤਾਂ ਦਿਨ ਰਾਤ ਖੜੇ,
ਦੁਨੀਆਂ ਪੜਾਵੇ ਆਪ ਨਾ ਪੜੇ।

4. ਆਪ ਭੋਰਾ ਵੀ ਅਸਰ ਨਹੀਂ ਕਰਦਾ,
ਪਾਉਂਦਾ ਦਿਨ ਰਾਤ ਰੌਲਾ।
ਜੇ ਲਾਇਟ ਜਾਂ ਬੈਟਰੀ ਨਾ ਹੋਵੇ,
ਬਣ ਜਾਂਦਾ ਗੂੰਗਾ ਭੋਲਾ।

5. ਰੋਜ਼ ਪੈਸਿਆਂ ਨਾਲ ਭਰਦਾ,
ਬਾਜਾਰ ਨਹੀਂ ਜਾਂਦਾ ਡਰਦਾ।
ਕੋਈ ਕਿੰਨਾ ਖਰਚ ਕਰੇ,
ਭੋਰਾ ਵੀ ਤਕਰਾਰ ਨਹੀਂ ਕਰਦਾ।

ਉੱਤਰ – 1. ਦਰੱਖਤ 2. ਮੋਮਬੱਤੀ 3. ਕੁਰਸੀ 4. ਸਪੀਕਰ 5. ਗੱਲ੍ਹਾ

❑ ਮਨਮੋਹਨ ਬਾਵਾ

# ਦੁਨੀਆ ਵਿਚ ਹੋਰ ਕਿੱਥੇ ਮਨਾਇਆ ਜਾਂਦਾ ਹੈ ਬਾਲ ਦਿਵਸ

**ਭਾਰਤ** ਵਿਚ ਬਾਲ ਦਿਵਸ 14 ਨਵੰਬਰ ਨੂੰ ਯਾਨੀ ਦੇਸ਼ ਦੇ ਪਹਿਲੇ ਪ੍ਰਧਾਨਮੰਤਰੀ ਪੰਡਿਤ ਜਵਾਹਰਲਾਲ ਨਹਿਰੂ ਦੇ ਜਨਮਦਿਨ ਤੇ ਮਨਾਇਆ ਜਾਂਦਾ ਹੈ, ਪਰ ਇਸਦਾ ਮਤਲਬ ਇਹ ਨਹੀਂ ਕਿ ਬਾਲ ਦਿਵਸ ਨਹਿਰੂ ਦੇ ਜਨਮ ਦਿਨ ਉਤੇ ਸ਼ੁਰੂ ਹੋਇਆ ਅਤੇ ਸਿਰਫ ਭਾਰਤ ਵਿਚ ਹੀ ਮਨਾਇਆ ਜਾਂਦਾ ਹੈ। ਜੀ ਹਾਂ, ਬਾਲ ਦਿਵਸ ਭਾਰਤ ਦਾ ਕੋਈ ਆਪਣਾ ਮੌਲਿਕ ਦਿਨ ਨਹੀਂ ਹੈ। ਇਹ ਪੂਰੀ ਦੁਨੀਆ ਵਿਚ ਮਨਾਇਆ ਜਾਂਦਾ ਹੈ। ਲੇਕਿਨ ਇਸ ਦੇ ਲਈ ਕੋਈ ਇਕ ਦਿਨ ਤੈਅ ਨਹੀਂ ਹੈ। ਅਸਲ ਵਿਚ ਬਾਲ ਦਿਵਸ ਦੀ ਨੀਂਹ 1925 ਵਿਚ ਰੱਖੀ ਗਈ ਸੀ। ਜਦੋਂ ਬੱਚਿਆਂ ਦੇ ਕਲਿਆਣ ਉਤੇ ਵਿਸ਼ਵ ਕਾਨਫ੍ਰੰਸ ਵਿਚ ਬਾਲ ਦਿਵਸ ਮਨਾਉਣ ਦੀ ਘੋਸ਼ਣਾ ਹੋਈ। 1954 ਵਿੱਚ ਦੁਨੀਆ ਭਰ ਵਿਚ ਇਸ ਨੂੰ ਮਾਨਤਾ ਮਿਲੀ। ਸੰਯੁਕਤ ਰਾਸ਼ਟਰ ਨੇ ਇਸ ਦੇ ਲਈ 20 ਨਵੰਬਰ ਦਾ ਦਿਨ ਤੈਅ ਕੀਤਾ ਅਤੇ ਬਹੁਤ ਸਾਰੇ ਦੇਸ਼ 20 ਨਵੰਬਰ ਨੂੰ ਹੀ ਮਨਾਉਂਦੇ ਹਨ, ਲੇਕਿਨ ਭਾਰਤ ਵਿਚ ਕਿਉਂਕਿ ਪੰਡਿਤ ਨਹਿਰੂ ਬੱਚਿਆਂ ਨਾਲ ਬਹੁਤ ਪਿਆਰ ਕਰਦੇ ਸਨ, ਇਸ ਲਈ ਸਾਡੇ ਦੇਸ਼ ਵਿਚ ਬਾਲ ਦਿਵਸ ਮਨਾਉਣ ਲਈ ਉਹਨਾਂ ਦਾ ਜਨਮ ਦਿਨ 14 ਨਵੰਬਰ ਚੁਣਿਆ ਗਿਆ।

ਜੂਨ ਵੀ ਕਈ ਦੇਸ਼ਾ ਵਿਚ ਬਾਲ ਦਿਵਸ ਦੇ ਰੂਪ ਵਿਚ ਮਨਾਇਆ ਜਾਂਦਾ ਹੈ। ਇਹ ਦਿਨ ਇਸ ਗੱਲ ਦੀ ਯਾਦ ਕਰਾਉਂਦਾ ਹੈ ਕਿ ਦੁਨੀਆ ਦਾ ਹਰ ਬੱਚਾ ਖਾਸ ਹੈ ਅਤੇ ਬੱਚਿਆਂ ਦੇ ਬਿਹਤਰ ਭਵਿੱਖ ਲਈ ਉਹਨਾਂ ਦੀਆਂ ਮੂਲ ਜਰੂਰਤਾਂ ਅਤੇ ਪੜਾਈ-ਲਿਖਾਈ ਪੂਰਾ ਹੋਣਾ ਬਹੁਤ ਜ਼ਰੂਰੀ ਹੈ। ਇਕ ਤਰ੍ਹਾਂ ਨਾਲ ਇਹ ਦਿਨ ਬੱਚਿਆਂ ਨੂੰ ਸਹੀ ਜੀਵਨ ਦਿਤੇ ਜਾਣ ਦੀ ਯਾਦ ਦਿਵਾਉਂਦਾ ਹੈ।

■

❑ ਅਮਰਜੀਤ ਚੰਦਰ

# ਬੀਰਬਲ ਦੀ ਸੂਝਬੂਝ

ਦਰਬਾਰ ਵਿਚ ਬੀਰਬਲ ਨਾਲ ਈਰਖਾ ਕਰਨ ਵਾਲਿਆਂ ਦੀ ਘਾਟ ਨਹੀਂ ਸੀ। ਬਾਦਸ਼ਾਹ ਅਕਬਰ ਦੇ ਸਾਲਾ ਸਾਹਿਬ ਤਾਂ ਪਹਿਲਾਂ ਵੀ ਕਈ ਵਾਰ ਬੀਰਬਲ ਦੀ ਬੇਇਜ਼ਤੀ ਕਰ ਚੁੱਕੇ ਸਨ। ਬੇਗਮ ਦਾ ਭਰਾ ਹੋਣ ਦੇ ਕਾਰਨ ਅਕਸਰ ਬੇਗਮ ਵੱਲੋਂ ਵੀ ਬਾਦਸ਼ਾਹ ਨੂੰ ਦਬਾਅ ਵਿਚ ਰਹਿਣਾ ਪੈਂਦਾ ਸੀ। ਇਕ ਵਾਰ ਸਾਲਾ ਸਾਹਿਬ ਆਪਣੇ ਆਪ ਨੂੰ ਜ਼ਿਆਦਾ ਬੁੱਧੀਮਾਨ ਸਮਝਦਿਆਂ ਦੀਵਾਨ ਦੇ ਮੁਖੀਆ ਦੀ ਮੰਗ ਕਰਨ ਲੱਗਾ। ਉਸ ਸਮੇਂ ਬੀਰਬਲ ਅਜੇ ਦਰਬਾਰ ਨਹੀਂ ਆਏ ਸਨ। ਅਕਬਰ ਬਾਦਸ਼ਾਹ ਨੇ ਸਾਲਾ ਸਾਹਿਬ ਨੂੰ ਕਿਹਾ – ਮੈ ਅੱਜ ਸਵੇਰੇ ਮਹਿਲ ਦੇ ਪਿੱਛੇ ਕੁੱਤੇ ਦੇ ਬੱਚਿਆਂ ਦੀ ਆਵਾਜ਼ ਸੁਣੀ ਸੀ, ਸ਼ਾਇਦ ਮਹਿਲ ਦੇ ਪਿੱਛੇ ਕੁੱਤੀ ਨੇ ਬੱਚੇ ਦਿੱਤੇ ਹਨ। ਜਾਉ ਦੇਖ ਕੇ ਆਉ ਇਹ ਗੱਲ ਸਹੀ ਹੈ ਜਾਂ ਨਹੀਂ?

ਅਕਬਰ ਬਾਦਸ਼ਾਹ ਦੇ ਸਾਲਾ ਸਾਹਿਬ ਮਹਿਲ ਦੇ ਪਿੱਛੇ ਦੇਖਣ ਚਲੇ ਗਏ। ਕੁਝ ਦੇਰ ਬਾਅਦ ਜਦ ਵਾਪਸ ਆਏ ਤਾਂ ਬੋਲੇ 'ਹਜ਼ੂਰ ਤੁਸੀਂ ਸਹੀ ਸੁਣਿਆ ਹੈ ਮਹਿਲ ਦੇ ਪਿੱਛੇ ਕੁੱਤੀ ਨੇ ਬੱਚੇ ਦਿੱਤੇ ਹਨ।'

ਬਾਦਸ਼ਾਹ ਨੇ ਪੁੱਛਿਆ 'ਅੱਛਾ ਕਿੰਨੇ ਬੱਚੇ ਹਨ? ਹਜ਼ੂਰ ਉਹ ਤਾਂ ਮੈਂ ਗਿਣੇ ਹੀ ਨਹੀਂ।

ਜਾਉ ਦੁਬਾਰਾ ਗਿਣ ਕੇ ਆਉ।

ਫਿਰ ਗਿਣ ਕੇ ਆਏ ਤਾਂ ਕਿਹਾ – ਹਜ਼ੂਰ ਪੰਜ ਬੱਚੇ ਹਨ?

ਕਿੰਨੇ ਨਰ ਹਨ ਕਿੰਨੇ ਮਾਦਾ ? ਬਾਦਸ਼ਾਹ ਨੇ ਫਿਰ ਪੁੱਛਿਆ।

ਸਾਲਾ ਸਹਿਬ ਨੇ ਕਿਹਾ – ਉਹ ਤਾਂ ਦੇਖੇ ਹੀ ਨਹੀਂ।

ਸਾਲਾ ਸਾਹਿਬ ਦੇਖ ਕੇ ਫਿਰ ਆਏ ਤੇ ਕਹਿਣ ਲੱਗੇ – ਬਾਦਸ਼ਾਰ ! ਉਨ੍ਹਾ ਵਿਚੋਂ ਤਿੰਨ ਨਰ ਅਤੇ ਦੋ ਮਾਦਾ ਹਨ।





ਬਾਦਸ਼ਾਹ – ਨਰ ਬੱਚੇ ਕਿਸ ਰੰਗ ਦੇ ਹਨ?

ਹਜ਼ੂਰ ਇਹ ਮੈਂ ਹੁਣੇ ਦੇਖ ਕੇ ਆਉਂਦਾ ਹਾਂ। ਰਹਿਣ ਦਿਉ ! ਬਾਦਸ਼ਾਹ ਨੇ ਕਿਹਾ। ਸਾਲਾ ਸਾਹਿਬ ਚੁਪ-ਚਾਪ ਬੈਠ ਗਏ। ਕੁਝ ਦੇਰ ਬਾਅਦ ਬੀਰਬਲ ਦਰਬਾਰ ਅੰਦਰ ਆਇਆ। ਬਾਦਸ਼ਾਹ ਨੇ ਬੀਰਬਲ ਨੂੰ ਕਿਹਾ – ਬੀਰਬਲ ਅੱਜ ਸਵੇਰੇ ਮਹਿਲ ਦੇ ਪਿੱਛੇ ਕੁਝ ਕੁੱਤੇ ਦੇ ਬੱਚਿਆਂ ਦੀ ਆਵਾਜ਼ ਸੁਣੀ ਸੀ, ਸ਼ਾਇਦ ਕੁੱਤੀ ਨੇ ਬੱਚੇ ਦਿੱਤੇ ਹਨ। ਜਾਉ ਮਹਿਲ ਦੇ ਪਿੱਛੇ ਦੇਖ ਕੇ ਆਉ ਬੀਰਬਲ ਨੇ ਕਿਹਾ – ਮੈਨੂੰ ਪਤਾ ਹੈ।

ਕਿੰਨੇ ਬੱਚੇ ਹਨ?

ਹਜ਼ੂਰ ਪੰਜ ਬੱਚੇ ਹਨ।

ਕਿੰਨੇ ਨਰ ਹਨ ਤੇ ਕਿੰਨੇ ਮਾਦਾ?

ਹਜ਼ੂਰ ਤਿੰਨ ਨਰ ਹਨ ਤੇ ਦੋ ਮਾਦਾ।

ਨਰ ਕਿਸ ਰੰਗ ਦੇ ਹਨ?

ਦੋ ਕਾਲੇ ਹਨ ਤੇ ਇਕ ਬਦਾਮੀ ਰੰਗ ਦਾ ਹੈ।

ਠੀਕ ਹੈ ਬੈਠ ਜਾਉ।

ਅਕਬਰ ਬਾਦਸ਼ਾਹ ਨੇ ਆਪਣੇ ਸਾਲਾ ਸਾਹਿਬ ਵਲ ਬੜੇ ਧਿਆਨ ਨਾਲ ਦੇਖਿਆ। ਉਹ ਸਿਰ ਨੀਵਾ ਕਰਕੇ ਚੁੱਪ-ਚਾਪ ਬੈਠਾ ਹੋਇਆ ਸੀ। ਅਕਬਰ ਬਾਦਸ਼ਾਹ ਨੇ ਉਸ ਨੂੰ ਪੁੱਛਿਆ 'ਕਿਉਂ ਤੁਸੀਂ ਇਸ ਬਾਰੇ ਕੀ ਕਹਿਣਾ ਚਾਹੁੰਦੇ ਹੋ?'

ਉਸ ਕੋਲੋ ਕੋਈ ਜੁਆਬ ਨਹੀਂ ਦਿੱਤਾ ਗਿਆ। ■

- ਜੋ ਹੱਥ ਸੇਵਾ ਲਈ ਉਠਦੇ ਹਨ ਉਹ ਅਰਦਾਸ ਕਰਨ ਵਾਲੇ ਹੋਠਾਂ ਤੋਂ ਵੀ ਪਵਿੱਤਰ ਹਨ।
- ਆਪਣਾ ਮਨ ਨਿਰੰਕਾਰ ਨਾਲ ਜੋੜ ਕੇ ਰਖਾਂਗੇ ਤਾਂ ਆਨੰਦ ਆਪਣੇ ਆਪ ਹੀ ਪ੍ਰਾਪਤ ਹੁੰਦਾ ਰਹੇਗਾ।
- ਸੰਤਾਂ ਮਹਾਂਪੁਰਸ਼ਾਂ ਦੀ ਉਚੀ ਮਤ ਲੈਣ ਨਾਲ ਸਾਡੇ ਜੀਵਨ ਦੀ ਚਾਲ ਵੀ ਸੁੰਦਰ ਹੋ ਜਾਂਦੀ ਹੈ
- ਸੱਚਾ ਉਪਦੇਸ਼ ਸੁਣ ਕੇ ਮੰਨਣਾ ਅਤੇ ਉਸ ਅਨੁਸਾਰ ਚਲਣਾ ਹੀ ਮਾਨਵਤਾ ਦੀ ਪਹਿਲੀ ਪੌੜੀ ਹੈ।

(ਬਾਬਾ ਹਰਦੇਵ ਸਿੰਘ ਜੀ)





# ਦਾਦਾ ਜੀ


ਚਿਤੱਰਕਾਰੀ ਅਤੇ ਲੇਖਕ - ਅਜੈ ਕਾਲੜਾ







ਇਕ ਦਿਨ ਬਿੱਲੀ ਦੀ ਨਜ਼ਰ ਇਕ ਲੂੰਮੜ ਤੇ ਪੈ ਗਈ, ਲੂੰਮੜ ਆਸ਼ਰਮ ਦੇ ਪਿੱਛੇ ਆ ਕੇ ਬਿੱਲੀ ਨੂੰ ਮਾਰਨ ਆਇਆ ਸੀ। ਲੂੰਮੜ ਨੂੰ ਵੇਖਦੇ ਹੀ ਬਿੱਲੀ ਕਾਫੀ ਡਰ ਚੁੱਕੀ ਸੀ ਕਿਉਂਕਿ ਪਹਿਲਾਂ ਵੀ ਇਕ ਵਾਰ ਬਿੱਲੀ ਨੂੰ ਲੂੰਮੜ ਨੇ ਆਪਨੀ ਦੁਸ਼ਮਨੀ ਦੇ ਕਾਰਣ ਜ਼ਖਮੀ ਕੀਤਾ ਸੀ।
ਇਸ ਵਾਰ ਲੂੰਮੜ ਨੂੰ ਦੁਬਾਰਾ ਵੇਖ ਕੇ ਬਿੱਲੀ ਨੇ ਸੋਚਿਆ ਕਿ ਅੱਜ ਮੇਰੇ ਜੀਵਨ ਦਾ ਅੰਤਿਮ ਦਿਨ ਹੈ। ਬਿੱਲੀ ਕਿਸੇ ਤਰ੍ਹਾਂ ਰਿਸ਼ੀ ਦੇ ਕੋਲ ਪਹੁੰਚ ਗਈ। ਰਿਸ਼ੀ ਨੇ ਬਿੱਲੀ ਨੂੰ ਡਰੇ ਹੋਏ ਵੇਖਿਆ ਤਾਂ ਉਹਨਾਂ ਨੇ ਉਹਨੂੰ ਬਚਾਉਣ ਲਈ ਚੂਹਾ ਬਣਾ ਦਿੱਤਾ।
ਹੁਣ ਚੂਹਾ ਬਣ ਜਾਣ ਦੇ ਕਾਰਣ ਉਹ ਕਿਸੇ ਨਾ ਕਿਸੇ ਖੁੱਡ ਵਿੱਚ ਵੜ ਕੇ ਆਪਨਾ ਗੁਜਾਰਾ ਕਰ ਲੈਂਦਾ ਸੀ।


ਉਹਨੂੰ ਚੂਹਾ ਬਣ ਕੇ ਰਹਿਣ ਵਿੱਚ ਵੀ ਚੈਨ ਨਹੀਂ ਸੀ। ਹੁਣ ਉਹਨੂੰ ਬਿੱਲੀਆਂ ਸਤਾਉਣ ਲੱਗੀਆਂ ਸਨ। ਵਿਚਾਰਾ ਚੂਹਾ ਬਿੱਲੀਆਂ ਦੇ ਡਰ ਕਾਰਨ ਜ਼ਿਆਦਾ ਸਮਾਂ ਖੁੱਡ ਵਿੱਚ ਹੀ ਲੁਕ ਕੇ ਬੈਠਾ ਰਹਿੰਦਾ ਸੀ।
ਚੂਹੇ ਨੂੰ ਖਾਣਾ ਠੀਕ ਢੰਗ ਨਾਲ ਨਹੀਂ ਮਿਲ ਰਿਹਾ ਸੀ ਅਤੇ ਨਾ ਹੀ ਉਹ ਇਧਰ-ਉਧਰ ਘੁੰਮ ਰਿਹਾ ਸੀ। ਉਹ ਹਮੇਸ਼ਾਂ ਬੇਚੈਨ ਰਹਿਣ ਲੱਗਾ। ਜਿਸ ਕਾਰਣ ਚੂਹਾ ਪਹਿਲਾਂ ਦੀ ਬਜਾਇ ਬਹੁਤ ਹੀ ਕਮਜ਼ੋਰ ਹੋ ਗਿਆ ਸੀ।
ਹੁਣ ਚੂਹਾ ਮਰਨ ਦੀ ਹਾਲਤ ਵਿੱਚ ਪਹੁੰਚ ਚੁੱਕਾ ਸੀ। ਇਕ ਦਿਨ ਰਿਸ਼ੀ ਨੇ ਚੂਹੇ ਦੀ ਅਜਿਹੀ ਦਸ਼ਾ ਵੇਖੀ ਤਾਂ ਉਹਨਾਂ ਨੂੰ ਉਸ ਤੇ ਬਹੁਤ ਦਯਾ ਆਉਣ ਲੱਗੀ।


ਰਿਸ਼ੀ ਨੇ ਚੂਹੇ ਨੂੰ ਸ਼ਾਨ-ਸੌਕਤ ਨਾਲ ਰਹਿਣ ਲਈ ਸ਼ੇਰ ਬਣਾ ਦਿੱਤਾ। ਹੁਣ ਸ਼ੇਰ ਬਣ ਜਾਣ ਦੇ ਬਾਅਦ ਉਹ ਸਾਰੇ ਜਾਨਵਰਾਂ ਤੇ ਭਾਰੀ ਪੈਣ ਲੱਗਾ। ਸਾਰੇ ਉਹਨੂੰ ਸਲਾਮ ਕਰਦੇ। ਸ਼ੇਰ ਦਾ ਘੁਮੰਡ ਬਹੁਤ ਵੱਧ ਗਿਆ।ਉਹ ਆਪਣੇ ਆਪ ਨੂੰ ਕਾਬੂ ਵਿੱਚ ਨਹੀਂ ਰੱਖ ਸਕਦਾ ਸੀ।
ਅਚਾਨਕ ਇਕ ਦਿਨ ਉਹ ਭੁੱਖ ਨਾਲ ਤੜਫ ਰਿਹਾ ਸੀ। ਤਬੀਅਤ ਖਰਾਬ ਹੋ ਜਾਣ ਦੇ ਕਾਰਣ ਉਹ ਸ਼ਿਕਾਰ ਕਰਨ ਜੰਗਲ ਨਹੀਂ ਜਾ ਸਕਿਆ।
ਤਦ ਸ਼ੇਰ ਦੀ ਨਜ਼ਰ ਉਸੇ ਰਿਸ਼ੀ ਤੇ ਪਈ। ਰਿਸ਼ੀ ਨੂੰ ਖਾਣ ਲਈ ਉਹ ਪਿਛੋਂ ਝਪਟਿਆ। ਰਿਸ਼ੀ ਉਸ ਸਮੇਂ ਪੂਜਾ ਕਰਨ ਬੈਠੇ ਸਨ। ਸ਼ੇਰ ਦੀ ਦਸ਼ਾ ਵੇਖ ਕੇ ਰਿਸ਼ੀ ਦੀਆਂ ਅੱਖਾਂ ਕਰੋਧ ਨਾਲ ਲਾਲ ਹੋ ਗਈਆਂ।
ਰਿਸ਼ੀ ਨੇ ਸਰਾਪ ਦੇ ਕੇ ਸ਼ੇਰ ਨੂੰ ਪਹਿਲੀ ਅਵਸਥਾ ਵਿੱਚ ਲਿਆ ਦਿਤਾ। ਹੁਣ ਵਿਚਾਰੀ ਬਿੱਲੀ ਚੁਪਚਾਪ ਰਿਸ਼ੀ ਦੇ ਚਰਨਾਂ ਦੇ ਕੋਲ ਬੈਠੀ ਰਹਿੰਦੀ ਸੀ। ਉਹ ਆਪਣੀ ਗਲਤੀ ਨੂੰ ਸਮਝ ਚੁੱਕੀ ਸੀ।
ਸਿਖਿਆ : ਸਾਨੂੰ ਸਾਡਾ ਭਲਾ ਕਰਨ ਵਾਲੇ ਦਾ ਅਹਿਸਾਨ ਨਹੀਂ ਭੁੱਲਣਾ ਚਾਹੀਦਾ।

# ਬੁੱਧੀ ਦੀ ਪਰਖ

ਦੋਹਾਂ ਚਿੱਤਰਾਂ ਵਿਚੋਂ
10 ਅੰਤਰ ਲੱਭੋ!





kids Nirankari
spiritual dreamland for kids

# Spiritual Zone for kids



With the blessings of His Holiness Experience online spiritual learning with exciting and fun features highlights our mission's message. Visit regularly to watch tiny tots excelling in the spiritual journey.

**kids.nirankari.org**

- His Holiness Message
- Glimpse of Blessing
- Message in colors
- Poetry Fantasy
- Wacky and True
- Fun Games
- Hansti Duniya
- Kids Creation
- Kids Activities
- Jokes
- Avtar Vani
- Story Time

**Share** your talent in form of painting, poetry & story



Registered with the
Registrar of Newspaper
For India Under RNI No. 32345/77

Delhi Postal Regd. No. G-3/DL (N)/137/2018-20
Licence No. U (DN)-60/2018-20
Licenced to post without Pre-payment




# ਨਿਰੰਕਾਰੀ ਪਤ੍ਰ-ਪਤ੍ਰਕਾਵਾਂ ਪੜ੍ਹੋ ਅਤੇ ਪੜ੍ਹਾਉ !

| ਸੰਤ ਨਿਰੰਕਾਰੀ | ਏਕ ਨਜ਼ਰ | ਹੰਸਤੀ ਦੁਨੀਆ |
|---|---|---|
| (ਗਿਆਰਾਂ ਭਾਸ਼ਾਵਾਂ ਵਿਚ) | (ਤਿੰਨ ਭਾਸ਼ਾਵਾਂ ਵਿਚ) | (ਚਾਰ ਭਾਸ਼ਾਵਾਂ ਵਿੱਚ) |

'ਸੰਤ ਨਿਰੰਕਾਰੀ' 'ਹੰਸਤੀ ਦੁਨੀਆ (ਹਿੰਦੀ, ਪੰਜਾਬੀ ਅਤੇ ਅੰਗਰੇਜ਼ੀ) ਅਤੇ 'ਏਕ ਨਜ਼ਰ' (ਹਿੰਦੀ ਅਤੇ ਪੰਜਾਬੀ) ਦਾ ਮੈਂਬਰ ਬਣਨ ਲਈ ਸੰਪਰਕ ਕਰੋ
ਪਤ੍ਰਿਕਾ ਵਿਭਾਗ, ਨਿਰੰਕਾਰੀ ਕੰਪਲੈਕਸ, ਨਿਰੰਕਾਰੀ ਸਰੋਵਰ ਦੇ ਨੇੜੇ

PH. 011–47660200, E-mail : patrika@nirankari.org

## ਸੰਤ ਨਿਰੰਕਾਰੀ, ਹੰਸਤੀ ਦੁਨੀਆ, ਏਕ ਨਜ਼ਰ (ਮਰਾਠੀ) ਅਤੇ ਸੰਤ ਨਿਰੰਕਾਰੀ (ਨੇਪਾਲੀ) ਦਾ ਮੈਂਬਰ ਬਣਨ ਲਈ ਸੰਪਰਕ ਕਰੋ

**Sant Nirankari Satsang Bhawan**
**1st Floor, 50, Morbag Road, Naigaon, Dadar (E) MUMBAI-400 014 (Mah.)**
e-mail : chandunirankari@yahoo.com & marathi@nirankari.org

## ਹੋਰ ਭਾਸ਼ਾਵਾਂ ਦੀਆਂ ਪਤ੍ਰਕਾਵਾਂ ਦਾ ਮੈਂਬਰ ਬਣਨ ਲਈ ਹੇਠ ਲਿਖੇ ਅਨੁਸਾਰ ਸੰਪਰਕ ਕਰੋ

**TAMIL**
Sant Nirankari Satsang Bhawan, #7, Govindan Street, Ayavoo Naidu Colony, Aminji Karai, CHENNAI-600 029 (T.N.)
Ph. 04423740830

**ORIYA**
Sant Nirankari Satsang Bhawan, Kazidiha, Post Madhupatna, CUTTACK-753 010 (Orissa)
Ph. 0671-2341250

**TELUGU**
Sant Nirankari Satsang Bhawan, No. 6-2-970, Khairtabad, HYDERABAD-Pin : 500 029
Ph. 0104-23317879

**GUJRATI**
Sant Nirankari Satsang Bhawan, 1st Floor, 50, Morbag Road, Naigaon, Dadar (E) MUMBAI - 400 014 (Mah.)
Ph. 22-24102047

**KANNADA**
Sant Nirankari Satsang Bhawan, 88, Rattanvillas Road, Southend Circle, Basavangudi, BENGALURU-560 004 (Karnataka)
Ph. 080-26577212

**BANGLA**
Sant Nirankari Satsang Bhawan, 884,G.T. Road, Laxmipur-2 East Bardhman—713101
Ph. 0342-2657219

## ਪਤ੍ਰ-ਪਤ੍ਰਕਾਵਾਂ ਦੇ ਪ੍ਰਸਾਰ ਅਭਿਆਨ ਵਿਚ ਯੋਗਦਾਨ ਦੇ ਕੇ ਸਤਿਗੁਰੂ ਮਾਤਾ ਜੀ ਦੇ ਅਸ਼ੀਰਵਾਦ ਦੇ ਪਾਤਰ ਬਣੋ।

Posted at NDPSO Prescribed dates 23rd & 24th. Date of Publication: 17th & 18th (Advance Month)